# ਸਿੱਖ ਧਰਮ ਦੇ ਮੂਲ ਸਿਧਾਂਤਾਂ ਦੀ ਸੰਖੇਪ ਰੂਪ-ਰੇਖਾ

ਮਨੁੱਖ ਜਾਤੀ ਦੇ ਸੁਧਾਰ ਲਈ ਜੋ ਬੀਜ ਰੂਪ ਨਾਨਕ ਦੇਵ ਜੀ ਨੇ ਬੀਜੇ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਸਿੰਜੇ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਫਲੀਭੂਤ ਹੋਏ ਅਤੇ ਖਾਲਸੇ ਦੀ ਸਾਜਣਾ ਦੇ ਰੂਪ ਵਿੱਚ ਸਿਖਰ ਤੇ ਪੁੱਜੇ। ਜਿਸ ਤੇਗ ਨਾਲ ਖਾਲਸੇ ਦੀ ਗੌਰਵਮਈ ਤੇਜ ਪ੍ਰਤਾਪ ਵੱਲ ਰਾਹ ਨੂੰ ਉਕਰਿਆ ਉਹ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਨੇ ਘੜੀ ਸੀ ਪਰ ਇਸਦਾ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਦਿਤਾ ਸੀ। **ਗੁਰੂ ਨਾਨਕ ਦੇਵ ਜੀ ਦਾ ਅਰੰਭ ਕੀਤਾ ਪ੍ਰੋਗਰਾਮ ਆਪਣੀ ਉਚੀ ਅੰਤਮ ਦਸ਼ਾ ਤਕ ਤਦ ਪਹੁੰਚਿਆ ਜਦ ਦਸਵੇਂ ਗੁਰੂ ਨਾਨਕ ਜੀ (ਗੁਰੂ ਗੋਬਿੰਦ ਸਿੰਘ ਜੀ) ਨੇ ''ਗੁਰੂ ਨਾਨਕ ਜੋਤਿ'' ਦਾ ਆਦਿ ਗ੍ਰੰਥ, ਸਰਵੋਤਮ ਧਾਰਮਕ ਗ੍ਰੰਥ, ਵਿੱਚ ਪ੍ਰਵੇਸ਼ ਕੀਤਾ ਅਤੇ ਇਸਨੂੰ ਗੁਰੂ ਗ੍ਰੰਥ ਸਾਹਿਬ, ਅੰਤਮ ਸਦੀਵੀ-ਗੁਰੂ, ਘੋਸ਼ਤ ਕੀਤਾ।**

ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋਣ ਦੀ ਘੜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ, ਦਸਮ ਪਾਤਸ਼ਾਹ, ਰਾਹੀਂ ਪਾਵਨ ਸਥਾਨ ਪ੍ਰਾਪਤ ਕਰਨ ਤਕ, ਇਸ ੨੩੯ ਵਰ੍ਹੇ ਦੇ ਸਮੇਂ ਵਿੱਚ ਸਿੱਖ ਧਰਮ ਨੂੰ ਇਸ ਦਾ ਪਵਿੱਤਰ ਧਰਮ ਗ੍ਰੰਥ ਇਸ ਦੇ ਚਿੰਨ੍ਹ ਅਤੇ ਨਿਸ਼ਾਨ ਅਤੇ ਅਭੁਲ ਸਰੂਪ ਅਥਵਾ ਜੁਗਤ ਮਿਲ ਗਏ। ਇੱਕ ਗੁਰੂ ਜੀ ਤੋਂ ਦੂਜੇ ਗੁਰੂ ਜੀ ਵਿੱਚ ਰੂਪ ਪਰਿਵਰਤਨ ਉਸੇ ਤਰ੍ਹਾਂ ਹੋਇਆ ਜਿਸ ਤਰ੍ਹਾਂ ਇੱਕ ਦੀਵੇ ਤੋਂ ਦੂਜਾ ਦੀਵਾ ਜਗਾਇਆ ਜਾਦਾ ਹੈ। ਦਸਾਂ ਗੁਰੂ ਸਾਹਿਬਾਨ ਦਾ ਪਾਵਨ ਪਰਿਵਰਤਨ ਇੱਕ ਰੂਪ ਹੀ ਸਮਝਿਆ ਜਾਂਦਾ ਹੈ ਕਿਉਂਕਿ ਉਹ ਸਭ ਇਕੋ ਦੈਵੀ ਪ੍ਰਕਾਸ਼ ਵਿਚੋਂ ਨਿਰੰਤਰ ਇਕੋ ਉਦੇਸ਼ ਲਈ ਪ੍ਰਗਟ ਹੋਏ। ਗੁਰਤਾ ਦਾ ਸੰਸਥਾਪਨ, ਜਾਨਸ਼ੀਨਾ ਦਾ ਸਿਲਸਿਲਾ, ਅੰਮ੍ਰਿਤਸਰ ਅਤੇ ਹੋਰ ਸਿੱਖ ਧਰਮ ਦੇ ਅਸਥਾਨਾ ਦਾ ਨਿਰਮਾਣ, ਆਦਿ ਗ੍ਰੰਥ ਜੀ ਦਾ ਸੰਕਲਨ, ਸੰਗਤ ਅਤੇ ਪੰਗਤ ਦੀ ਸੰਸਥਾ, ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ, ਸ਼ਕਤੀ ਦਾ ਜ਼ਰਾਬਖ਼ਤਰ ਅਤੇ ਕਲਗੀ, ਖਾਲਸਾ ਦੀ ਸਾਜਣਾ, ਇਹ ਸਭ ਅਤੇ ਬਹੁਤ ਸਾਰੀਆਂ ਹੋਰ ਘਟਨਾਵਾਂ ਜਿਨਾਂ ਤੋਂ ਸਿੱਖ ਇਤਿਹਾਸ ਬਣਿਆ ਹੈ, ਸਿੱਖ ਧਰਮ ਨੂੰ ਸਭ ਤੋਂ ਉੱਚੀ ਵਡਿਆਈ ਦੀ ਰੰਗਤ ਪ੍ਰਦਾਨ ਕਰਦੀਆਂ ਹਨ।

ਸਿੱਖ ਧਰਮ ਵਿੱਚ ਗੁਰਤਾ ਕੇਵਲ ਸੂਫੀਆਂ ਅਥਵਾ ਜੋਗੀਆਂ ਦੀ ਸ਼੍ਰੇਣੀ ਨਹੀਂ, ਕਿਉਂਕਿ ਗੁਰੂ ਸਾਹਿਬਾਨ ਨੇ ਸੰਸਾਰਕ ਜੀਵਨ ਦੇ ਤਿਆਗ ਨੂੰ ਕੋਈ ਮਹੱਤਤਾ ਨਹੀਂ ਦਿਤੀ। ਸਗੋਂ ਜੋ ਲੋਕ ਜੋਗੀਆਂ ਜਾਂ ਸਿਧਾਂ ਵਾਂਗ ਸੰਨਿਆਸ ਧਾਰਨ ਕਰਦੇ ਸਨ ਉਹਨਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੋਂ ਘੁਲਾਈ ਮਾਰਨ ਵਾਲੇ ਕਹਿ ਕੇ ਨਿਖੇਧੀ ਕੀਤੀ ਹੈ, ਉਹਨਾਂ ਨੂੰ ਸਮਾਜਕ ਜ਼ਿੰਮੇਵਾਰੀਆਂ ਅਤੇ ਅਹਿਸਾਨਾਂ ਤੋਂ ਮੂੰਹ ਮੋੜਣ ਵਾਲੇ ਅਤੇ ਭਗੌੜੇ ਸਮਝਿਆ ਜਾਂਦਾ ਸੀ। ਸਿੱਖ ਧਰਮ ਵਿੱਚ ਮਨੁੱਖ ਨੂੰ ਅਕਾਲ ਪੁਰਖ ਦਾ ਭਾਣਾ ਮੰਨਣਾ ਅਤੇ ਇਸ ਤਰ੍ਹਾਂ ਆਪਣੇ ਦੁਖ ਅਤੇ ਘਾਟੇ ਨੂੰ ਸੁਖਾਵੀਂ ਰੰਗਤ ਦੇਣ ਦਾ ਆਦੇਸ਼ ਹੈ। ਕਲੇਸ਼ ਅਤੇ ਦੁਖ ਉਤੇ ਜਿਤ ਪ੍ਰਾਪਤ ਕਰਨ ਵਿੱਚ ਭਰੋਸਾ ਰਖਦਿਆਂ ਸਿੱਖ ਧਰਮ ਇਸ ਦੇ ਲਈ ਅਟੁਟ ਜਤਨ ਕਰਨ ਦਾ ਆਦੇਸ਼ ਦਿੰਦਾ ਹੈ।

## ਜੀਵਨ ਮਨੋਰਥ :

ਗੁਰੂ ਜੀ ਦੇ ਉਪਦੇਸ਼ਾਂ ਅਨੁਸਾਰ ਨੈਤਿਕ (ਸਦਾਚਾਰੀ) ਜੀਵਨ ਦਾ ਭਾਵ ਕੁਝ ਕੁ ਹੁਕਮ, ਜਾਂ ਇੱਕ ਨਿਯਮਾਵਲੀ, ਜਾਂ ਇੱਕ ਰਹੁਰੀਤ ਦਾ ਮੰਨਣਾ ਹੀ ਨਹੀਂ, ਸਗੋਂ ਅਤਿਅੰਤ ਕਰੜੇ ਅਨੁਸ਼ਾਸਨ ਅਧੀਨ ਅਧਿਆਤਮਕ ਖੋਜ ਵੱਲ ਲਗਾਇਆ ਜੀਵਨ ਹੈ। ਬਹੁ ਗਿਣਤੀ ਲੋਕ ਆਮਤੌਰ 'ਤੇ ਪਦਾਰਥਕ ਜੀਵਨ ਦਾ ਪੂਰਾ ਪੂਰਾ ਅਨੰਦ ਲੁੱਟਣ ਵਿੱਚ ਹੀ ਯਕੀਨ ਰਖਦੇ ਹਨ। ਇਸ ਤਰ੍ਹਾਂ ਜੀਵਨ ਬਿਤਾਉਂਦਿਆਂ ਅਖੀਰ ਉਹ ਸਮਾਂ ਆਉਂਦਾ ਹੈ ਜਦ ਮਨੁੱਖ ਵੇਖਦਾ ਹੈ ਕਿ ਉਸ ਦਾ ਸਰੀਰ ਖੀਨ ਹੋ ਗਿਆ ਅਤੇ ਉਹ ਅਧਿਆਤਮਕ ਤੌਰ ਤੇ ਖੋਖਲਾ ਹੈ। ਇਸ ਪਦਾਰਥਵਾਦੀ ਸੰਸਾਰ ਵਿੱਚ ਸਫਲਤਾ ਦੇ ਜਾਦੂ ਦਾ ਖਿਚਿਆ, ਮਨੁੱਖ ਜੀਵਨ ਦੀਆਂ ਸਦੀਵੀ ਕਦਰਾਂ-ਕੀਮਤਾਂ ਵਲ ਮਾਮੂਲੀ ਜਿਹਾ ਧਿਆਨ ਦਿੰਦਾ ਹੈ ਜਾਂ ਕੁਝ ਵੀ ਨਹੀਂ।

ਪੂਰਬੀ ਧਰਮਾਂ ਅਨੁਸਾਰ ਜਗਤ ਵਿੱਚ ੮੪ ਲੱਖ ਜੂਨਾਂ ਹਨ, ਜਿਹਨਾਂ ਵਿਚੋਂ ਅੱਧੀਆਂ ਪਾਣੀ ਵਿੱਚ ਅਤੇ ਅਧੀਆਂ ਧਰਤੀ ਅਤੇ ਅਕਾਸ਼ ਵਿੱਚ। ਕੋਈ ਵੀ ਜੀਵਨ ਸਦਾ ਰਹਿਣ ਵਾਲਾ ਨਹੀਂ। ਇਹ ਜੀਵਨ ਆਪਣੇ 'ਕਰਮਾਂ' ਅਰਥਾਤ ਚੰਗੇ ਜਾਂ ਮੰਦੇ ਕੰਮਾਂ ਅਨੁਸਾਰ ਆਵਾਗਮਨ ਦੇ ਗੇੜ ਵਿੱਚ ਤੁਰਦਾ ਜਾਂਦਾ ਹੈ। ਮਨੁਖਾ ਜਨਮ, ਜਿਵੇਂ ਗੁਰਬਾਣੀ ਵੀ ਦਸਦੀ ਹੈ, ਕਈ ਹੇਠਲੀਆਂ ਜੂਨਾਂ ਵਿਚੋਂ ਆਵਾਗਮਨ ਪਿਛੋਂ ਪ੍ਰਾਪਤ ਹੁੰਦਾ ਹੈ।

''ਕਈ ਜਨਮ ਭਏ ਕੀਟ ਪਤੰਗਾ।
ਕਈ ਜਨਮ ਗਜ ਮੀਨ ਕੁਰੰਗਾ।

ਕਈ ਜਨਮ ਪੰਖੀ ਸਰਪ ਹੋਇਓ।
ਕਈ ਜਨਮ ਹੈਵਰ ਬ੍ਰਿਖ ਜੋਇਓ।
ਮਿਲੁ ਜਗਦੀਸ ਮਿਲਨ ਕੀ ਬਰੀਆ।
ਚਿਰੰਕਾਲ ਇਹ ਦੇਹ ਸੰਜਰੀਆ।"

(ਗਉੜੀ ਗੁਆਰੇਰੀ ਮਹਲਾ ੫, ਪੰਨਾ ੧੭੬)

ਗੁਰਮਤ ਅਨੁਸਾਰ ਜੀਵਨ ਦਾ ਮਨੋਰਥ ਇਹ ਹੈ :
"ਭਈ ਪਰਾਪਤਿ ਮਾਨੁਖ ਦੇਹੁਰੀਆ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।
ਅਵਰਿ ਕਾਜ ਤੇਰੈ ਕਿਤੈ ਨ ਕਾਮ।
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।
ਸਰੰਜਾਮਿ ਲਾਗੁ ਭਵਜਲ ਤਰਨ ਕੈ।
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।ਰਹਾਉ।

(ਆਸਾ ਮਹਲਾ ੫, ਪੰਨਾ ੧੨)

ਮਨੁੱਖ ਦੀ ਆਤਮਾ ਮੁਕਤੀ ਦਾ ਦਰਵਾਜ਼ਾ ਹੈ, ਪਰ ਪਦਾਰਥਵਾਦੀ ਜਗਤ ਦਾ ਲੁਭਾਇਆ ਇਹ ਜੀਵਨ ਦਾ ਅਤੀ ਕੀਮਤੀ ਮੌਕਾ ਗਵਾ ਦਿੰਦਾ ਹੈ :

"ਪ੍ਰਾਣੀ ਤੂੰ ਆਇਆ ਲਾਹਾ ਲੈਣਿ।
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।"

(ਸਿਰੀ ਰਾਗ ਮਹਲਾ ੫, ਪੰਨਾ ੪੩)

"ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ।
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ।"

(ਗਉੜੀ ਬੈਰਾਗਣਿ ਮਹਲਾ ੧, ਪੰਨਾ ੧੫੬)

"ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ।
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ।

(ਸਿਰੀ ਰਾਗ ਮਹਲਾ ੫, ਪੰਨਾ ੫੦)

"ਰਾਮਨਾਮ ਬਿਨੁ ਬਿਰਥੇ ਜਗਿ ਜਨਮਾ।
ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ।"

(ਭੈਰਉ ਮਹਲਾ ੫, ਪੰਨਾ ੧੧੨੭)

"ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ।
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ।"

(ਜੈਤਸਰੀ ਮਹਲਾ ੪, ਪੰਨਾ ੬੯੭)

ਸਿੱਖ ਧਰਮ ਵਿੱਚ ਮਨੁੱਖਾ ਜੀਵਨ ਦਾ ਮਨੋਰਥ ਹਿੰਦੂਆਂ ਦੇ ਆਮ ਪ੍ਰਚਲਤ ਖਿਆਲ ਵਾਲਾ ਸਵਰਗ ਪ੍ਰਾਪਤ ਕਰਨਾ ਨਹੀਂ ਹੈ, ਸਗੋਂ ਅਕਾਲ ਪੁਰਖ ਨੂੰ ਭਾਲਣਾ ਅਤੇ ਉਸ ਨਾਲ ਜੁੜ ਜਾਣਾ ਹੈ। ਸਿੱਖ ਧਰਮ ਦਾ ਅਖੀਰ ਟੀਚਾ ਪਰਮ ਆਤਮਾ ਵਿੱਚ ਅਭੇਦ ਹੋਣਾਅਤੇ ਫਿਰ ਸਦਾ ਲਈ ਨਿਰੰਤਰ ਅਨੰਦ ਮਾਨਣਾ ਹੈ। ਇੱਕ ਸਿੱਖ ਅਕਾਲ ਪੁਰਖ ਨਾਲ ਅਧਿਆਤਮਕ ਮੇਲ, ਅਨੰਦ ਦੀ ਇੱਕ ਅਵਸਥਾ, ਲਈ ਤਾਂਘਦਾ ਹੈ। ਮਨੁੱਖਾ ਜੀਵਨ ਉਸ ਟੀਚੇ ਨੂੰ ਪ੍ਰਾਪਤ ਕਰਨ ਦਾ ਮੌਕਾ ਹੈ; ਜੇ ਇਹ ਖੁੰਝ ਜਾਏ ਤਾਂ ਮਨੁੱਖ ਮੁੜ ਜਨਮ ਮਰਨ ਦੇ ਗੇੜ ਵਿੱਚ ਚਲਾ ਜਾਂਦਾ ਹੈ।

## ਸਿੱਖ ਧਰਮ ਵਿੱਚ ਅਕਾਲ ਪੁਰਖ ਦਾ ਸੰਕਲਪ :

ਅਕਾਲ ਪੁਰਖ ਦੇ ਗੁਣ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਮੂਲ ਮੰਤਰ (ਜਪੁ ਜੀ ਦੀ ਭੂਮਿਕਾ) ਰਾਹੀਂ ਦੱਸੇ ਹਨ, "੧ੴ ਸਤਿਨਾਮ" ਤੋਂ ਲੈ ਕੇ "ਨਾਨਕ ਹੋਸੀ ਭਿ ਸਚ" ਤਕ। ਅਸਲ ਵਿੱਚ ਸੰਪੂਰਨ ਗੁਰੂ ਗ੍ਰੰਥ ਸਾਹਿਬ ਇਸ ਪਰਿਭਾਸ਼ਾ ਦਾ ਸਪਸ਼ਟੀਕਰਨ ਹੈ। ਗੁਰੂ ਜੀ ਰਾਗ ਸੋਰਠ ਵਿੱਚ ਅਕਾਲ ਪੁਰਖ ਦੇ ਸੰਕਲਪ ਨੂੰ ਵਿਸਤਾਰ ਸਹਿਤ ਦਸਦੇ ਹਨ :

"ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ ਨ ਤਿਸੁ ਭਾਉ ਨ ਭਰਮਾ।

ਸਾਚੇ ਸਚਿਆਰ ਵਿਟਹੁ ਕੁਰਬਾਣ।
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ।ਰਹਾਉ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ।
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ।
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ।
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ।
ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤ ਸਬਾਈ।
ਸਤਿਗੁਰੁ ਸੇਵਿ ਪਦਾਰਥ ਪਾਵਹਿ ਛੂਟਹਿ ਸਬਦ ਕਮਾਈ।
ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ।
ਤੰਤੈ ਕਉ ਪਰਮ ਤੰਤ ਮਿਲਾਇਆ ਨਾਨਕ ਸਰਣਿ ਤੁਮਾਰੀ।"

(ਸੋਰਠ ਮਹਲਾ ੧, ਪੰਨਾ ੫੯੭)

ਅਕਾਲ ਪੁਰਖ ਨਿਰਗੁਣ ਅਤੇ ਸਰਗੁਣ ਦੋਵਾਂ ਰੂਪਾਂ ਵਿੱਚ ਉਪਸਥਤ ਹੈ। ਨਿਰਗੁਣ ਅਕਾਲ ਪੁਰਖ ਨਿਰਾਕਾਰ ਅਤੇ ਮਨੁਖ ਦੀ ਪਹੁੰਚ ਤੋਂ ਪਰ੍ਹੇ ਹੈ। ਜਦ ਉਹ ਆਪਣੀ ਰਚਨਾ ਰਾਹੀਂ ਆਪਾ ਪ੍ਰਗਟ ਕਰਦਾ ਹੈ ਤਾਂ ਉਹ ਸਬੰਧਤ ਅਤੇ ਵਿਅਕਤੀਗਤ ਹੋ ਜਾਂਦਾ ਹੈ। ਇਹ ਐਨ ਉਸਤਰ੍ਹਾਂ ਹੈ, ਜਿਸ ਤਰ੍ਹਾਂ ਕਿਰਨਾਂ ਸੂਰਜ ਵਿਚੋਂ ਆਉਂਦੀਆਂ ਹਨ। ਸੋਮਾ ਨਿਰਾਕਾਰ ਹੈ ਅਤੇ ਸਾਰਾ ਬ੍ਰਹਮੰਡ ਉਸਦਾ ਵਿਅਕਤੀਗਤ ਰੂਪ ਹੈ। ਕੋਈ ਆਕਾਰ, ਭਾਵੇਂ ਕਿੰਨਾਂ ਅਦੁਤੀ ਹੋਵੇ, ਉਸ ਅਕਾਲ ਪੁਰਖ ਤੋਂ ਸੁਤੰਤਰ ਨਹੀਂ। ਨਿਰਾਕਾਰ ਅਨੰਤ ਅਨਗਿਣਤ ਅਕਾਰਾਂ ਵਿੱਚ ਪ੍ਰਗਟ ਹੋ ਸਕਦਾ ਹੈ, ਪਰ ਕੋਈ ਆਕਾਰ ਇਕੱਲੇ ਇਕੱਲੇ ਜਾਂ ਸੰਗਠਤ ਹੋ ਕੇ ਨਿਰਾਕਾਰ ਦੇ ਬਰਾਬਰ ਨਹੀਂ ਹੋ ਸਕਦੇ। **ਸੋ ਕੋਈ ਸੀਮਤ ਆਕਾਰ ਨੂੰ ਅਕਾਲ ਪੁਰਖ ਦੇ ਤੌਰ ਤੇ, ਜੋ ਬੇਅੰਤ ਅਤੇ ਨਿਰਾਕਾਰ ਹੈ, ਨਹੀਂ ਪੂਜਿਆ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦਾ ਵੀ ਫੁਰਮਾਨ ਹੈ** :

"ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ।
ਅਚਲ ਮੂਰਤਿ ਅਨੁਭਵ ਪ੍ਰਕਾਸ ਅਮਿਤੋਜ ਕਹਿੱਜੈ। ..."

(ਗੁਰੂ ਗੋਬਿੰਦ ਸਿੰਘ ਜੀ, ਜਾਪੁ ਸਾਹਿਬ)

ਅਕਾਲ ਪੁਰਖ ਨ ਜਨਮ ਲੈਂਦਾ ਹੈ ਨਾ ਹੀ ਮਰਦਾ ਹੈ।
"ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।"

(ਭੈਰਉ ਮਹਲਾ ੫, ਪੰਨਾ ੧੧੩੬)

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਚੇਤਾਵਨੀ ਦਿੱਤੀ ਸੀ ਕਿ ਉਹ ਅਕਾਲ ਪੁਰਖ ਨਹੀਂ ਹਨ ਅਤੇ ਜੋ ਵੀ ਉਨ੍ਹਾਂ ਨੂੰ ਅਕਾਲ ਪੁਰਖ ਕਹੇਗਾ ਉਹ ਨਰਕ ਵਿੱਚ ਪਵੇਗਾ।

ਜੋ ਹਮ ਕੋ ਪ੍ਰਮੇਸਰ ਉਚਰਹੈ ਸੋ ਨਰਕ ਕੁੰਡਮਹ ਪਰੈ

(੧) ਅਕਾਲ ਪੁਰਖ ਆਪਣੇ ਸੰਤਾਂ ਅਤੇ ਭਗਤਾਂ ਦੀ ਰੱਖਿਆ ਕਰਦਾ ਹੈ ਜੇ ਉਸ ਦੀ ਇਹ ਰਜ਼ਾ ਨਹੀਂ ਕਿ ਇਹਨਾਂ ਦੇ ਕਸ਼ਟ ਅਤੇ ਸ਼ਹੀਦੀ ਇੱਕ ਉਚੇਰੇ ਮਨੋਰਥ ਦੀ ਪ੍ਰਾਪਤੀ ਹੋਵੇਗੀ। ਪਵਿੱਤਰ ਜੀਵਨ ਵਾਲਿਆਂ ਦੀ ਰੱਖਿਆ ਕਰਨੀ ਅਕਾਲ ਪੁਰਖ ਦਾ ਬਿਰਦ ਹੈ। ਸਖਤ ਖਤਰਿਆਂ ਦੇ ਸਾਮ੍ਹਣੇ ਸੰਤ ਅਕਾਲ ਪੁਰਖ ਅੱਗੇ ਸਹਾਇਤਾ ਅਤੇ ਬਚਾਉਣ ਲਈ ਅਰਦਾਸਾਂ ਕਰਦੇ ਆਏ ਹਨ ਅਤੇ ਅਕਾਲ ਪੁਰਖ ਆ ਕੇ ਕਰਾਮਾਤੀ ਢੰਗ ਨਾਲ ਉਹਨਾ ਦੇ ਕਸ਼ਟ ਨਵਿਰਤ ਕਰਦਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਹਿਲਾਦ, ਧਰੂ ਅਤੇ ਹੋਰਨਾਂ ਦੀਆਂ ਕਥਾਵਾਂ ਦੇ ਸੰਕੇਤ ਅਤੇ ਨਾਮਦੇਵ ਅਤੇ ਕਬੀਰ ਜੀ ਦੇ ਆਪਣੇ ਜੀਵਨ ਬਾਰੇ ਬਚਨ ਅਕਾਲ ਪੁਰਖ ਦੀ ਪਵਿੱਤਰ ਜੀਵਨ ਵਾਲਿਆਂ ਦੀ ਰੱਖਿਆ ਕਰਨ ਦੀ ਸ਼ਕਤੀ ਪ੍ਰਗਟ ਕਰਦੇ ਹਨ। ਅਜੋਕੀਆਂ ਕਰਾਮਾਤਾਂ ਵਿਧਾਤਾ ਅਤੇ ਪ੍ਰਤਿਪਾਲਣਾ ਦੇ ਸਿਧਾਂਤ ਦਾ ਅੰਸ਼ ਹਨ। ਇਹ ਅਲੌਕਕ ਰੱਬੀ ਕਰਾਮਾਤਾਂ ਮਨੁੱਖ ਦੀਆਂ ਚਮਤਕਾਰੀ ਸ਼ਕਤੀਆਂ ਨਾਲ ਕੀਤੀਆਂ ਕਰਾਮਾਤਾਂ ਨਾਲੋਂ ਵੱਖਰੀ ਭਾਂਤ ਦੀਆਂ ਹਨ। ਮਨੁੱਖੀ ਕਰਾਮਾਤਾਂ ਸਿੱਖ ਮਤ ਅਨੁਸਾਰ ਖ਼ਤਰਨਾਕ ਅਤੇ ਅਨੁਚਿਤ ਹਨ।

(੨) ਜੋ ਤੁਸੀ ਬੀਜੋਗੇ ਉਹੀ ਫਲ ਤੁਹਾਨੂੰ ਮਿਲੇਗਾ, ਇਹ ਕਥਨ ਕਰਮਾਂ ਦੇ ਸਿਧਾਂਤ ਵਲ ਸੰਕੇਤ ਕਰਦਾ ਹੈ ਚੰਗੇ ਜਾਂ ਮੰਦੇ ਕੰਮ, ਜਿਸ ਤੋਂ ਭਾਵ ਚੰਗੇ ਕੰਮਾਂ ਦਾ ਚੰਗਾ ਫਲ ਅਤੇ ਮੰਦੇ ਕੰਮਾਂ ਦਾ ਦੰਡ ਮਿਲਦਾ ਹੈ। ਇਸਤਰ੍ਹਾਂ ਕਰਮ ਦੇ ਸਿਧਾਂਤ ਅਨੁਸਾਰ ਸਭ ਤੋਂ ਵੱਧ ਪਾਪ ਅਥਵਾ ਮੰਦੇ ਕਰਮ ਕਰਨ ਵਾਲਾ ਸਦਾ ਦੁਖੀ ਰਹੇਗਾ ਅਤੇ ਕਦੇ ਵੀ ਨਿਸਤਾਰਾ ਨਹੀਂ ਪਾ ਸਕਦਾ। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ; ਉਨ੍ਹਾਂ ਦਾ ਵਿਚਾਰ ਹੈ ਕਿ ਸਭ ਤੋਂ ਵੱਡੇ ਪਾਪੀ ਨੂੰ ਵੀ ਬਖਸ਼ ਦੇਣਾ ਅਕਾਲ ਪੁਰਖ ਦਾ ਬਿਰਦ (ਸਿਰਮੌਰ ਗੁਣ) ਹੈ।

"ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੋ, ਹਮਰੇ ਦੋਖ ਰਿਦੈ ਮਤ ਧਾਰਹੁ।"

(ਬਿਲਾਵਲੁ ਮਹਲਾ ੫, ਪੰਨਾ ੮੨੯)

ਗੁਰੂ ਜੀ ਜ਼ੋਰ ਦੇ ਕੇ ਦਸਦੇ ਹਨ ਕਿ ਇਹ ਗੁਨਾਹਗਾਰ ਜਿਸ ਨੂੰ ਸਾਰੇ ਜਗਤ ਵਿੱਚ ਕੋਈ ਵੀ ਸਹਾਰਾ ਨਹੀਂ ਦਿੰਦਾ, ਜੇ ਉਹ ਅਕਾਲ ਪੁਰਖ ਦੀ ਸ਼ਰਣੀ ਪੈ ਜਾਏ ਤਾਂ ਉਹ ਨਿਰਮਲ ਹੋ ਜਾਂਦਾ ਹੈ, ਉਸ ਉਤੇ ਅਕਾਲ ਪੁਰਖ ਦੀ ਮਿਹਰ ਹੋ ਜਾਂਦੀ ਹੈ।

ਜਿਸੁ ਪਾਪੀ ਕਉ ਮਿਲੈ ਨ ਕੋਈ।
ਸਰਿਣ ਆਵੈ ਤਾ ਨਿਰਮਲੁ ਹੋਈ।

(ਭੈਰਉ ਮਹਲਾ ੫, ਪੰਨਾ ੧੧੪੧)

ਗੁਰੂ ਜੀ ਬਾਰ ਬਾਰ ਦਸਦੇ ਹਨ ਕਿ ਸੰਤਾਂ ਦਾ ਨਿਸਤਾਰਾ ਕਰਨਾ, ਨੇਕ ਮਨੁੱਖਾਂ ਦੀ ਰੱਖਿਆ ਕਰਨੀ ਅਤੇ ਪਸਚਾਤਾਪ ਕਰਨ ਵਾਲੇ ਪਾਪੀਆਂ ਨੂੰ ਵੀ ਬਖਸ਼ ਲੈਣਾ ਅਕਾਲ ਪੁਰਖ ਦਾ ਬਿਰਦ ਹੈ।

## ਨਾਮ ਦਾ ਸੰਕਲਪ :

ਗੁਰਮਤ ਅਨੁਸਾਰ ਬ੍ਰਹਮੰਡ ਦੀ ਰਚਨਾ ਕਰਨ ਤੋਂ ਪਹਿਲਾਂ ਅਕਾਲ ਪੁਰਖ ਸੰਪੂਰਨ ਤੌਰ ਤੇ ਆਪ ਹੀ ਸੀ, ਨਿਰਾਕਾਰ। ਜਦ ਉਸ ਨੇ ਸਰਗੁਣ ਸਰੂਪ ਧਾਰਨ ਕੀਤਾ ਤਾਂ ਪਹਿਲਾਂ ਨਾਮ ਦੇ ਸਰੂਪ ਵਿੱਚ ਪ੍ਰਗਟ ਹੋਇਆ ਅਤੇ ਉਸ ਤੋਂ ਪਿਛੋਂ ਕੁਦਰਤ ਦੀ ਰਚਨਾ ਕੀਤੀ। ਕੁਦਰਤ ਦੀ ਰਚਨਾ ਕਰਕੇ ਉਹ ਇਸ ਤੋਂ ਦੂਰ ਨਹੀਂ ਹੋ ਗਿਆ, ਸਗੋਂ ਇਸ ਵਿੱਚ ਵਾਸਾ ਰਖ ਕੇ ਇਸ ਨੂੰ ਜੀਵਨ ਬਖਸ਼ਿਆ ਅਤੇ ਅਪਣੀ ਕੀਤੀ ਹੋਈ ਨੂੰ ਵੇਖਕੇ ਪ੍ਰਸੰਨ ਹੋ ਰਿਹਾ ਹੈ:

''ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।"

(ਆਸਾ ਮਹਲਾ ੧, ਪਉੜੀ ੧, ਪੰਨਾ ੪੬੩)

(੧) ਨਾਮ ਅਤੇ ਅਕਾਲ ਪੁਰਖ ਵੱਖ ਵੱਖ ਹੋਂਦ ਨਹੀਂ। ਨਾਮ ਸਰਬ ਸ਼ਕਤੀਮਾਨ ਦਾ ਦੂਜਾ ਪੱਖ ਹੀ ਹੈ, ਅਜੇ ਵੀ ਨਿਰਾਕਾਰ ਹੀ। ਨਾਮ ਅਕਾਲ ਪੁਰਖ ਦਾ ਸੰਪੂਰਣ ਪ੍ਰਗਟਾਅ ਹੈ। ਨਾਮ ਹੀ ਸਭ ਕੁਝ ਦਾ ਸਹਾਰਾ ਹੈ :

''ਨਾਮ ਕੇ ਧਾਰੇ ਸਗਲੇ ਜੰਤ।
ਨਾਮ ਦੇ ਧਾਰੇ ਖੰਡ ਬ੍ਰਹਮੰਡ।"

(ਗਉੜੀ ਸੁਖਮਨੀ ਮਹਲਾ ੫, ੧੬-੫, ਪੰਨਾ ੨੮੪)

(੨) ਨਾਮ ਕੇਵਲ ਇੱਕ ਨਾਵ ਨਹੀਂ ਅਤੇ ਇਸ ਦਾ ਭਾਵ ਇਹ ਨਹੀਂ ਕਿ ਅਕਾਲ ਪੁਰਖ ਦਾ ਇੱਕ ਖਾਸ ਨਾਉਂ ਹੈ ਅਤੇ ਇਸ ਦਾ ਗਾਇਨ ਕਰਦੇ ਰਹਿਣ ਨਾਲ ਅਕਾਲ ਪੁਰਖ ਨੂੰ ਮਿਲ ਪਵੋਗੇ। ਅਕਾਲ ਪੁਰਖ ਬੇਅੰਤ ਹੈ ਅਤੇ ਉਸ ਨੂੰ ਬੇਅੰਤ ਨਾਵਾਂ ਨਾਲ ਪੁਕਾਰਿਆ ਜਾ ਸਕਦਾ ਹੈ, ਪਰ ਉਸ ਦੇ ਬੇਓੜਕ ਨਾਵਾਂ ਦੀ ਗਿਣਤੀ ਕੌਣ ਕਰ ਸਕਦਾ ਹੈ ? ਗਿਆਨਵਾਨ ਅਤੇ ਬਖਸ਼ੇ ਹੋਏ ਵਿਅਕਤੀ ਅਕਾਲ ਪੁਰਖ ਨੂੰ ਉਸ ਦੇ ਗੁਣਾਂ ਰਾਹੀਂ ਹੀ ਯਾਦ ਕਰਦੇ ਹਨ :

''ਤਵ ਸਰਬ ਨਾਮ ਕਥੈ ਕਵਨ
ਕਰਮ ਨਾਮ ਬਰਣਤ ਸੁਮਤ।

(ਗੁਰੂ ਗੋਬਿੰਦ ਸਿੰਘ ਜੀ—ਜਾਪੁ ਸਾਹਿਬ)

(੩) ਅਕਾਲ ਪੁਰਖ ਨੂੰ ਉਸ ਦੇ ਭਗਤ ਅਨਗਿਣਤ ਨਾਵਾਂ ਨਾਲ ਬੁਲਾ ਸਕਦੇ ਹਨ ਅਤੇ ਉਹ ਇਹ ਨਾਉਂ ਅਕਾਲ ਪੁਰਖ ਦੇ ਗੁਣਾਂ ਅਨੁਸਾਰ ਹੀ ਰਖ ਲੈਂਦੇ ਹਨ ਪਰ ਅਕਾਲ ਪੁਰਖ ਦਾ ਪਹਿਲਾ ਅਤੇ ਪ੍ਰਮੁਖ ਨਾਉਂ ਸਪਸ਼ਟ ਤੌਰ ਤੇ ''ਸਤਿ" (ਸਦੀਵੀ ਸੱਚ) ਹੀ ਵਰਨਣ ਕੀਤਾ ਹੈ, ਜਿਸ ਦਾ ਭਾਵ ਹੈ ਅਕਾਲ ਪੁਰਖ ਦੀ ਸਦੀਵੀ ਹੋਂਦ।

''ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਨਾਮੁ ਤੇਰਾ ਪਰਾ ਪੂਰਬਲਾ।"

(ਮਾਰੂ ਮਹਲਾ ੫, ਪੰਨਾ ੧੦੮੩)

(੪) 'ਨਾਮ' ਸ਼ਬਦ ਇੱਕ ਰਹੱਸਮਈ 'ਸ਼ਬਦ' ਹੈ ਜੋ ਕਿਰਿਆਤਮਕ ਧਾਰਮਕ ਜੀਵਨ ਅਤੇ ਅਰਾਧਨਾ ਦੇ ਅਨੁਸ਼ਾਸਨ ਵਿੱਚ ਵਰਤਿਆ ਜਾਂਦਾ ਹੈ। ਅਕਾਲ ਪੁਰਖ ਨੂੰ ਉਸ ਦੇ ਗੁਣਾਤਮਕ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਦਾ ਇੱਕ ਹੋਰ ਪੱਖ ਸੱਚਾ 'ਨਾਮ' ਹੈ ਜੋ ਇੱਕ ਪੈਗੰਬਰ ਦੇ ਨਿਜਦੀ ਅਨੁਭਵ ਵਿਚੋਂ ਉਪਜਦਾ ਹੈ। ਇਹ

ਪੈਗੰਬਰ ਨੂੰ ਅਕਾਲ ਪੁਰਖ ਦੀ ਮਿਲੀ ਝਲਕ ਵਿਚੋਂ ਉਪਜਦਾ ਹੈ। ਸਿੱਖ ਧਰਮ ਵਿੱਚ ਅਜੇਹੇ ਰਹਸਮਈ 'ਸ਼ਬਦ' ਨੂੰ ਵਾਹਿਗੁਰੂ ਕਿਹਾ ਜਾਂਦਾ ਹੈ। ਸੱਚਾ ਨਾਮ (ਸਤਿਨਾਮੁ) ਕਿਸੇ ਵਸਤੂ ਨੂੰ ਬਖਾਨਣ ਲਈ ਸ਼ਬਦ ਨਹੀਂ, ਸਗੋਂ ਸੱਚ (ਸਤਿ) ਦੀ ਸੰਪੂਰਨ ਸ਼ਕਤੀ, ਗੁਣ ਅਤੇ ਚਰਿਤਰ ਦਾ ਬਿਆਨ ਹੈ। "ਵਾਹਿਗੁਰੂ" ਸ਼ਬਦ ਰਾਹੀਂ ਪੈਗੰਬਰ (ਗੁਰੂ ਜੀ) ਨੇ ਅਕਾਲ ਪੁਰਖ ਦੀ ਸਭ ਪਾਸੇ ਰਵਿਆ ਹੋਣ ਦੀ ਰਹੱਸਮਈ ਸ਼ਕਤੀ ਅਤੇ ਇਸ ਦੇ ਅਨੁਭਵ ਦਾ ਤਾਤਪਰਜ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਪੈਗੰਬਰਾਂ ਨੇ ਸਾਨੂੰ ਅਕਥ ਅਕਾਲ ਪੁਰਖ ਦੇ ਅਰਸ਼ੀ ਨਾਉਂ ਦਿਤੇ ਹਨ ਜੋ ਸਾਡੀ ਚੇਤਨਤਾ ਵਿੱਚ ਉਸ ਦੀ ਹੋਂਦ ਨੂੰ ਦਰਸਾਉਂਦੇ ਹਨ। ਸੱਚੇ ਨਾਮ (ਵਾਹਿਗੁਰੂ) ਦਾ ਸਿਮਰਨ ਕਰਨਾ ਅਕਾਲ ਪੁਰਖ ਨੂੰ ਸਾਡੀ ਚੇਤਨਾ ਵਿੱਚ ਵਸਾਉਣ ਦਾ ਅਭਿਆਸ ਕਰਨਾ ਹੈ।

## (੫) ਗੁਰਬਾਣੀ ਨਾਮੁ ਹੈ :

(ੳ) ਗੁਰਬਾਣੀ ਆਪ ਹੀ ਨਾਮ ਹੈ :
'ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ।"

(ਸਾਰੰਗ ਕੀ ਵਾਰ, ਪਉੜੀ, ਪੰਨਾ ੧੨੩੯)

(ਅ) 'ਨਾਮ ਜਪੋ' ਦਾ ਭਾਵ ਹੈ ਅਕਾਲ ਪੁਰਖ ਨੂੰ ਯਾਦ ਕਰਨਾ ਅਤੇ ਉਸ ਨੂੰ ਆਪਣੇ ਹਿਰਦੇ ਵਿੱਚ ਵਸਾਉਣਾ। ਅਰਾਧਨਾ ਕਰਨ ਦੇ ਸਾਰੇ ਢੰਗ ਸ਼ਰਧਾਲੂ ਨੂੰ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਲੈ ਜਾਂਦੇ ਹਨ ਪਰ ਗੁਰਬਾਣੀ ਅਨੁਸਾਰ ਹਰੀ ਕੀਰਤਨ ਅਰਾਧਨਾ ਦੀ ਉਚਤਮ ਵਿਧੀ ਹੈ। ਇਹ ਕੀਰਤਨ ਕਰਨ-ਸੁਨਣ ਵਾਲਿਆਂ ਦੀ ਚੇਤਨ ਨੂੰ ਸਭ ਤੋਂ ਉਚੀ ਪਧਰ ਤੇ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਲੈ ਜਾਂਦਾ ਹੈ :
"ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰ।"

(ਕਾਨੜੇ ਕੀ ਵਾਰ ਮਹਲਾ ੫, ਪੰਨਾ ੧੩੧੪)

(ੲ) ਗੁਰਮਤ ਦਸਦੀ ਹੈ ਕਿ 'ਹਰਿ ਹਰਿ' ਸ਼ਬਦ ਦਾ ਅਲਾਪ ਨਾਮ ਜਪਣਾ ਹੈ :
"ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖ ਪਾਵੈ ਕੋਇ।"

(ਕਾਨੜੇ ਕੀ ਵਾਰ ਮਹਲਾ ੪, ਪਨਾ ੧੩੧੩)

(ਸ) ਨਾਮ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਦੂਜੇ ਸ਼ਬਦਾਂ ਵਿਚ; ਜੋ ਕੁਝ ਵੀ ਮੁਕਤੀ ਦਿਵਾਉਂਦਾ ਹੈ ਉਹ ਨਾਮ ਹੈ। ਕਿਉਂਕਿ ਗੁਰਬਾਣੀ ਮੋਖ ਦਿਵਾਉਂਦੀ ਹੈ, ਇਸ ਲਈ ਗੁਰਬਾਣੀ ਨਾਮ ਹੈ:
"ਸਾਚੀ ਬਾਣੀ ਮੀਠੀ ਅੰਮ੍ਰਿਤਧਾਰ।
ਜਿਨਿ ਪੀਤੀ ਤਿਸੁ ਮੋਖੁ ਦੁਆਰ।"

(ਮਲਾਰ ਮ:੧ ਪੰਨਾ ੧੨੭੫)

ਸਾਚੀ ਬਾਣੀ ਸਿਉ ਧਰੇ ਪਿਆਰੁ।
ਤਾ ਕੋ ਪਾਵੈ ਮੋਖ ਦੁਆਰੁ।

(ਧਨਾਸਰੀ ਮਹਲਾ ੧, ਪੰਨਾ ੬੬੧)

**ਸੋ ਇਹ ਸਪਸ਼ਟ ਅਤੇ ਪ੍ਰਤਖ ਹੈ ਕਿ ਗੁਰਬਾਣੀ ਦਾ ਕਿਸੇ ਤਰ੍ਹਾਂ ਅਲਾਪ ਕਰਨਾ, ਭਾਵੇਂ ਇੱਕ ਮਨ, ਇੱਕ ਚਿਤ ਨਾਲ ਸਾਧਾਰਨ ਪਾਠ ਹੀ ਹੋਵੇ, ਜਾਂ ਗੁਰਬਾਣੀ ਦੇ ਕਿਸੇ ਸ਼ਬਦ ਦਾ ਸਿਮਰਨ, ਜਾਂ ਗੁਰਬਾਣੀ ਦਾ ਕੀਰਤਨ, ਪੂਰਨ ਤੌਰ ਤੇ ਨਾਮ ਜਪਣਾ ਮੰਨਿਆਂ ਜਾਂਦਾ ਹੈ ਅਰਥਾਤ ਅਕਾਲ ਦੀ ਹਜ਼ੂਰੀ ਵਿੱਚ ਆਪਣੇ ਚਿਤ ਨੂੰ ਜੋੜਨਾ।**

ਇਥੇ ਇਹ ਵੀ ਦਸ ਦੇਈਏ ਕਿ ਕਈ ਛੋਟੇ ਛੋਟੇ ਫਿਰਕੇ ਹਨ ਜੋ ਭੋਲੇ ਭਾਲੇ ਸਿੱਖਾਂ ਨੂੰ ਗੁਰਬਾਣੀ ਅਤੇ ਨਾਮ ਬਾਰੇ ਗਲਤ ਰਾਹ ਪਾਉਂਦੇ ਹਨ। ਇਹਨਾਂ ਫ਼ਿਰਕਿਆਂ ਦੇ ਆਗੂ ਭੋਲੇ ਸਿੱਖਾਂ ਨੂੰ ਬੜੇ ਜ਼ੋਰ ਨਾਲ ਕਹਿੰਦੇ ਹਨ : "ਗੁਰਬਾਣੀ ਕਹਿੰਦੀ ਹੈ ਕਿ ਨਾਮ ਦਾ ਸਿਮਰਨ ਜ਼ਰੂਰ ਕਰਨਾ ਹੈ, ਪਰ ਗੁਰਬਾਣੀ ਨਾਮ ਨਹੀਂ। ਆਉ, ਅਸੀਂ ਤੁਹਾਨੂੰ 'ਨਾਮ' ਦੇਵਾਂਗੇ।" ਫਿਰ ਉਹਨਾਂ ਸਿੱਖਾਂ ਦੇ ਕੰਨਾਂ ਵਿੱਚ ਘੁਸਰ ਮੁਸਰ ਕੋਈ ਗੁਰਬਾਣੀ ਦੀ ਟੁੱਟੀ ਫੁੱਟੀ ਤੁਕ ਕਹਿੰਦੇ ਹਨ ਕਿ ਉਹ 'ਨਾਮ' ਦਸਦੇ ਹਨ ਅਤੇ ਨਾਲ ਹੀ ਤਾੜਨਾ ਕਰਦੇ ਹਨ ਕਿ ਇਹ 'ਨਾਮ' ਕਿਸੇ ਨੂੰ ਦਸਣਾ ਨਹੀਂ, ਜੇ ਕਦੇ ਉਹ ਕਿਸੇ ਨੂੰ ਇਹ 'ਨਾਮ' ਦਸ ਦੇਣਗੇ ਤਾਂ ਉਹਨਾਂ ਉਤੇ ਕੋਈ ਸਾੜਸਤੀ ਆ ਜਾਵੇਗੀ। ਇਸ ਤਰ੍ਹਾਂ ਉਹ ਆਪਣੀਆਂ ਦੁਕਾਨਾਂ ਚਲਾ ਰਹੇ ਹਨ, ਅਤੇ ਭੋਲੇ ਸਿੱਖ ਅਤੇ ਹੋਰ ਲੋਕ ਇਹ ਝੂਠ ਦੇ ਦੁਕਾਨਦਾਰਾਂ ਦੇ ਝਾਂਸੇ ਵਿੱਚ ਆ ਜਾਂਦੇ ਅਤੇ ਗੁਮਰਾਹ ਹੋ ਕੇ ਉਹਨਾਂ ਦੀ ਲਪੇਟ ਵਿੱਚ ਆ ਜਾਂਦੇ ਹਨ। ਇਸਲਈ ਸਿੱਖਾਂ ਨੂੰ ਅਜੇਹੇ ਫਿਰਕਿਆਂ ਤੋਂ ਬਹੁਤ ਹੋਸ਼ਿਆਰ ਰਹਿਣਾ ਚਾਹੀਦਾ ਹੈ। ਜੋ ਲੋਕ ਕਹਿੰਦੇ ਹਨ ਕਿ

ਗੁਰਬਾਣੀ ਨਾਮ ਨਹੀਂ, ਉਹ ਜਾਂ ਤਾਂ ਗੁਮਰਾਹ ਕੀਤੇ ਹੋਏ ਹਨ ਜਾਂ ਧੋਖੇਬਾਜ਼ ਹਨ। ਗੁਰਮਤ ਅਨੁਸਾਰ ਗੁਰਬਾਣੀ ਸਭ ਕੁਝ ਹੈ :

ਗੁਰਬਾਣੀ ਨਾਮ ਹੈ : "ਗੁਰਮੁਖਿ ਬਾਣੀ ਨਾਮੁ ਹੈ ..."

(ਸਾਰੰਗ ਕੀ ਵਾਰ, ਪਉੜੀ, ਪੰਨਾ ੧੨੩੯)

ਗੁਰਬਾਣੀ ਗੁਰੂ ਹੈ : "ਬਾਣੀ ਗੁਰੂ ਗੁਰੂ ਹੈ ਬਾਣੀ ..."

(ਨਟ ਮਹਲਾ ੪, ਪੰਨਾ ੯੮੨)

ਗੁਰਬਾਣੀ ਨਿਰੰਕਾਰ ਹੈ : "ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨਾ ਕੋਇ।"

(ਸਲੋਕ ਮਹਲਾ ੩, ਪੰਨਾ ੫੧੫)

## ਗੁਰਬਾਣੀ ਸਭ ਨਾਦ, ਵੇਦ ਹੈ :

"ਸਭ ਨਾਦ ਬੇਦ ਗੁਰਬਾਣੀ ਮਨ ਰਾਤਾ ਸਾਰਿਗਪਾਣੀ।"

(ਰਾਮਕਲੀ ਮਹਲਾ ੧, ਪੰਨਾ ੮੭੯)

ਇਸ ਲਈ ਨਾਮ ਹੀ ਹੈ ਜੋ ਮਨੁੱਖ ਨੂੰ ਅੰਤ ਵਿੱਚ ਸਦੀਵੀ ਅਨੰਦ (ਆਤਮਕ ਸੁੱਖ) ਵੱਲ ਲੈ ਜਾਂਦਾ ਹੈ। ਅਕਾਲ ਪੁਰਖ ਦੀ ਚੇਤਨਾ ਲਈ 'ਨਾਮ' ਨਾਲ ਜੁੜਨਾ ਜ਼ਰੂਰੀ ਹੈ, ਪਰ ਗੁਰੂ ਤੋਂ ਬਿਨਾਂ ਕਿਸੇ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਉਹ ਹਨੇਰੇ ਵਿੱਚ ਭਟਕਦਾ ਰਹੇਗਾ।

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਂਦਿਆ ਗੁਰ ਬਿਨੁ ਘੋਰ ਅੰਧਾਰ।"

(ਆਸਾ ਦੀ ਵਾਰ, ਮਹਲਾ ੨, ਪੰਲਾ ੪੬੩)

"ਮਤ ਕੋ ਭਰਮਿ ਭੁਲੈ ਸੰਸਾਰਿ।
ਗੁਰ ਬਿਨੁ ਕੋਇ ਨ ਉਤਰਸਿ ਪਾਰਿ।"

(ਗੌਂਡ ਮਹਲਾ ੫, ਪੰਨਾ ੮੬੪)

"ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰ ਰਹਿਆ।
ਨਾਮੁ ਰਤਨ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ।"

(ਪ੍ਰਭਾਤੀ ਮਹਲਾ ੩, ਪੰਨਾ ੧੩੩੪)

"ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ।
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ।

(ਗੂਜਰੀ ਮਹਲਾ ੩, ਪੰਨਾ ੪੯੧)

## ਗੁਰੂ ਦਾ ਸੰਕਲਪ :

ਗੁਰੂ ਦੇ ਸੰਕਲਪ ਬਾਰੇ ਪਿਛਲੇ ਕਾਂਡਾ ਵਿੱਚ ਦੱਸਿਆ ਗਿਆ ਹੈ। ਇੱਕ ਜੋਗੀ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਤਹਾਡਾ ਗੁਰੂ ਕੌਣ ਸੀ ? ਗੁਰੂ ਜੀ ਨੇ ਉਤੱਰ ਦਿੱਤਾ, "ਸ਼ਬਦ [੧] ਗੁਰੂ ਹੈ।" ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸ਼ਬਦ, ਆਪਣੇ ਗਿਆਨ (ਵਿਵੇਕ) ਦਾ ਟਿੱਕਾ ਲਗਾਇਆ ਅਤੇ ਗੁਰੂਜੀ ਦਾ ਪੂਰਨ ਵਿਅਕਤਿਤਵ ਸ਼ਬਦ-ਰੂਪ ਹੋ ਗਿਆ। ਗੁਰੂ ਜੀ ਨੇ ਬੜਾ ਸਪਸ਼ਟ ਕੀਤਾ ਸੀ ਕਿ ਉਨ੍ਹਾਂ ਦਾ ਮਨੁਖੀ ਸਰੀਰ ਗੁਰੂ ਨਹੀਂ, ਅਤੇ ਗੁਰੂ ਦਾ ਕੇਵਲ ਬਾਹਰੋਂ ਦਰਸ਼ਨ ਕਰਨਾ, ਜਾਂ ਉਸ ਵਿੱਚ ਸ਼ਰਧਾ ਦਾ ਉਪਰੋਂ ਉਪਰੋਂ ਦਾਅਵਾ ਕਰਨਾ, ਸਿੱਖ ਨੂੰ ਗੁਰੂ ਦੇ ਨਾਲ ਨਹੀਂ ਜੋੜੇਗਾ। ਅਸਲੀ ਗੁਰੂ ਉਨ੍ਹਾਂ ਦੇ ਹਿਰਦੇ ਵਿੱਚ ਸ਼ਬਦ ਦਾ ਪ੍ਰਕਾਸ਼ ਸੀ ਅਤੇ ਸਿੱਖ ਨੂੰ ਗੁਰੂ ਕੋਲ ਉਸ ਪ੍ਰਕਾਸ਼ ਨੂੰ ਪ੍ਰਾਪਤ ਕਰਨ ਲਈ ਗ੍ਰਹਿਣਸ਼ੀਲ ਮਨ ਨਾਲ ਜਾਣਾ ਚਾਹੀਦਾ ਹੈ।

## ਸਿੱਖ ਧਰਮ ਵਿੱਚ ਪਾਹੁਲ :

ਨਾਮ ਪੂਰਨ ਸੋਮਾ ਹੈ ਜੋ ਇੱਕ ਮਨੁੱਖ ਨੂੰ ਨਿਰਾਕਾਰ ਅਕਾਲ ਪੁਰਖ ਵਿੱਚ ਵਾਪਸ ਲੈ ਜਾਂਦਾ ਹੈ। ਗੁਰੂ ਹੀ ਇਕੋ ਇੱਕ ਮਾਧਿਅਮ ਹੈ ਨਾਮ ਵੱਲ ਲਿਜਾਣ ਦਾ। ਗੁਰਮਤ ਦਸਦੀ ਹੈ ਕਿ ਨਾਮ ਰੂਪੀ ਰਤਨ ਕੇਵਲ ਉਹਨਾਂ ਦੇ ਹਿਰਦਿਆਂ ਵਿੱਚ ਪ੍ਰਗਟ ਹੁੰਦਾ ਹੈ ਜੋ ਗੁਰੂ ਦੀ ਸ਼ਰਣ ਦਾ ਆਸਰਾ ਲੈਂਦੇ ਹਨ।

ਅਸੀਂ ਗੁਰੂ ਦੀ ਸ਼ਰਣ ਦਾ ਆਸਰਾ ਕਿਸਤਰ੍ਹਾਂ ਲੈਂਦੇ ਹਾਂ ?

ਜਦ ਅਸੀਂ ਗੁਰੂ ਕੋਲ ਜਾਂਦੇ ਹਾਂ ਉਹ ਸਾਨੂੰ ਨਾਮ ਬਖਸ਼ਦਾ ਹੈ ਅਤੇ ਫਿਰ ਅਸੀਂ ਗੁਰੂ ਦੇ ਬਖਸ਼ੇ ਨਾਮ ਦਾ ਸਿਮਰਨ ਕਰਦੇ ਹਾਂ ਜੋ ਸਾਨੂੰ ਆਪਣੇ ਟਿਕਾਣੇ, ਅਕਾਲ ਪੁਰਖ ਕੋਲ, ਵਾਪਸ ਲੈ ਜਾਦਾ ਹੈ। ਸਾਨੂੰ ਗੁਰੂ ਕੋਲ ਕਿਸ ਤਰ੍ਹਾਂ ਜਾਣਾ ਹੈ ?

ਸਿੱਖ ਧਰਮ ਵਿੱਚ ਗੁਰੂ ਕੋਲ ਜਾਣ ਦਾ ਇਕੋ ਅਤੇ ਕੇਵਲ ਇਕੋ ਹੀ ਰਾਹ ਹੈ, ਅੰਮ੍ਰਿਤ ਛਕ ਕੇ, ਇੱਕ ਸਿੱਖ ਨੂੰ ਪੰਜਾਂ ਪਿਆਰਿਆਂ ਤੋਂ ਪਾਹੁਲ ਲੈਣੀ, ਅੰਮ੍ਰਿਤ ਛਕਣਾ, ਜ਼ਰੂਰੀ ਹੈ। ਫਿਰ ਉਹ ਗੁਰੂ ਦਾ, ਅਰਥਾਤ ਗੁਰੂਵਾਲਾ ਹੋ ਜਾਂਦਾ ਹੈ। ਬਿਨਾਂ ਅੰਮ੍ਰਿਤ ਛਕੇ ਇੱਕ ਸਿੱਖ ਗੁਰੂ ਬਿਨਾਂ, ਅਰਥਾਤ ਨਿਗੁਰਾ ਰਹਿੰਦਾ ਹੈ ਅਤੇ ਗੁਰਬਾਣੀ ਅਨੁਸਾਰ :

"ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ।"

(ਰਾਗ ਆਸਾ ਮਹਲਾ ੩ ਪੱਟੀ, ਪੰਨਾ ੪੩੫)

ਹਰ ਕੋਈ ਅਕਾਲ ਪੁਰਖ ਦਾ ਨਾਮ ਜਪਦਾ ਹੈ, ਪਰ ਨਾਮ ਦੁਹਰਾਈ ਜਾਣ ਨਾਲ ਅਕਾਲ ਪੁਰਖ ਨਹੀਂ ਮਿਲਦਾ। ਜਦ ਗੁਰੂ ਦੀ ਮਿਹਰ ਦਵਾਰਾ ਨਾਮ ਹਿਰਦੇ ਵਿੱਚ ਵਸ ਜਾਂਦਾ ਹੈ ਤਦ ਹੀ ਨਾਮ ਜਪਣ ਦਾ ਕਾਰਜ ਫਲਦਾਇਕ ਹੁੰਦਾ ਹੈ। ਗੁਰੂ ਦੀ ਮਿਹਰ ਬਿਨਾਂ ਇੱਕ ਸਿੱਖ ਆਪਣੇ ਨਿਸਤਾਰੇ ਦਾ ਉਦੇਸ਼ ਨਹੀਂ ਪੂਰਾ ਕਰ ਸਕਦਾ। ਗੁਰੂ ਦੀ ਮਿਹਰ ਪ੍ਰਾਪਤ ਕਰਨ ਲਈ ਸਾਨੂੰ ਗੁਰੂ ਦਾ ਹੋਣਾ ਪੈਂਦਾ ਹੈ ਜੋ ਕੇਵਲ ਅੰਮ੍ਰਿਤ ਛਕਣ ਰਾਹੀਂ ਹੀ ਹੋ ਸਕਦਾ ਹੈ।

"ਰਾਮ ਰਾਮ ਸਭ ਕੋ ਕਹੈ ਕਹਿਐ ਰਾਮੁ ਨ ਹੋਇ।
ਗੁਰਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ।"

(ਗੂਜਰੀ ਮਹਲਾ ੩, ਪੰਨਾ ੪੯੧)

ਸਵਾਲ ਉਠਦਾ ਹੈ ਕਿ ਇੱਕ ਸਿੱਖ ਵਾਸਤੇ ਇਸਦਾ ਆਪਣਾ ਨਿਸਤਾਰਾ ਪ੍ਰਾਪਤ ਕਰਨ ਦਾ ਕੋਈ ਦੂਸਰਾ ਰਾਹ ਹੈ ?

ਗੁਰਮਤ ਅਨੁਸਾਰ ਹੋਰ ਕੋਈ ਰਾਹ ਨਹੀਂ। ਇਹ ਜਗਤ ਮਾਇਆ (ਪਦਾਰਥਵਾਦ) ਇੱਕ ਵਿਸ਼ਾਲ ਅਤੇ ਭਿਆਨਕ ਸਾਗਰ ਹੈ। ਇੱਕ ਸਿੱਖ ਨੇ ਆਪਣੇ ਪ੍ਰਿਯ ਅਕਾਲ ਪੁਰਖ ਨੂੰ ਮਿਲਣ ਲਈ ਇੱਕ ਸਾਗਰ ਪਾਰ ਕਰਨਾ ਹੈ। ਸਾਗਰ ਦਾ ਕੋਈ ਅੰਤ ਨਹੀਂ ਜਾਪਦਾ ਅਤੇ ਰਾਹ ਵਿੱਚ ਅਨਗਿਣਤ ਰੁਕਾਵਟਾਂ ਹਨ। ਇੱਸ ਖਤਰਨਾਕ ਅਤੇ ਭਿਆਨਕ ਸਾਗਰ ਨੂੰ ਪਾਰ ਕਰਨ ਲਈ ਇੱਕ ਤਕੜਾ ਮਜ਼ਬੂਤ ਜਹਾਜ਼ ਚਾਹੀਦਾ ਹੈ ਅਤੇ ਉਹ ਜਹਾਜ਼ ਕੇਵਲ ਗੁਰੂ, ਦੈਵੀ ਪ੍ਰਕਾਸ਼, ਹੀ ਹੈ। ਗੁਰੂ ਰੂਪੀ ਜਹਾਜ਼ ਵਿੱਚ ਜਾਣ ਲਈ ਇੱਕ ਸਿੱਖ ਨੂੰ ਇੱਕ ਪਾਸਪੋਰਟ ਚਾਹੀਦਾ ਹੈ ਅਤੇ ਉਹ ਪਾਸਪੋਰਟ ਅੰਮ੍ਰਿਤ ਛਕਣਾ ਹੈ।

"ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ।
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝ ਮਲਾਰੁ।
ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ।"

(ਸਿਰੀ ਰਾਗ ਮਹਲਾ ੧, ਪੰਨਾ ੫੯)

ਪਾਹੁਲ ਛਕਣ ਦੀ ਮਰਿਆਦਾ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਹੀ ਚਲਾਈ ਸੀ। ਜੋ ਲੋਕ ਗੁਰੂ ਜੀ ਦੇ ਸਿੱਖ ਬਣੇ, ਉਹਨਾਂ ਨੂੰ ਗੁਰੂ ਜੀ ਨੇ ਹੀ ਪਾਹੁਲ ਦਿਤੀ ਸੀ। ਗੁਰੂ ਜੀ ਦੇ ਦਰਬਾਰ ਵਿੱਚ ਕੇਵਲ ਹਾਜ਼ਰੀ ਭਰਨ ਨਾਲ ਕੋਈ ਗੁਰੂ ਦਾ ਸਿੱਖ ਨਹੀਂ ਬਣ ਜਾਂਦਾ ਸੀ। ਪਹਿਲੇ ਤੋਂ ਦਸਵੇਂ ਗੁਰੂ ਸਾਹਿਬ ਤਕ ਇਹ ਮਰਿਆਦਾ ਚਰਨ ਪਾਹੁਲ ਲੈਣ ਨਾਲ ਹੁੰਦੀ ਸੀ, ਅਰਥਾਤ ਗੁਰੂ ਜੀ ਦੇ ਚਰਨ ਦੇ ਅੰਗੂਠੇ (ਜਾਂ ਚਰਨ) ਨੂੰ ਜਲ ਵਿੱਚ ਡੁਬੋਕੇ ਉਹ ਜਲ ਸ਼ਰਧਾਲੂ ਨੂੰ ਪੀਣ ਲਈ ਦਿਤਾ ਜਾਂਦਾ ਸੀ ਅਤੇ ਨਾਲ ਹੀ ਗੁਰੂਜੀ ਗੁਰਮੰਤਰ (ਸ਼ਬਦ) ਦਿੰਦੇ ਸਨ। ਖਾਲਸੇ ਦੀ ਸਾਜਣਾ ਪਿਛੋਂ ਦਸਮ ਪਾਤਸ਼ਾਹ ਨੇ ਇਹ ਪਰੰਪਰਾ ਬਦਲ ਕੇ ਅੰਮ੍ਰਿਤ ਛਕਾਉਣ ਦੀ ਮਰਿਆਦਾ ਪੰਜ ਪਿਆਰਿਆਂ ਨੂੰ ਬਖਸ਼ ਦਿੱਤੀ। ਉਸ ਤੋਂ ਪਿਛੋਂ ਜੋ ਗੁਰੂ ਜੀ ਦੇ ਧਰਮ (ਸਿੱਖ ਧਰਮ) ਨੂੰ ਪ੍ਰਵਾਨ ਕਰਦੇ ਸਨ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸੱਦਿਆ ਜਾਦਾ ਸੀ (ਇਸ ਤਰ੍ਹਾਂ ਸਿੱਖ ਅਤੇ ਖਾਲਸਾ ਸ਼ਬਦ ਸਮਾਨਾਰਥੀ ਹੋ ਗਏ)। ਗੁਰੂ ਜੀ ਨੇ ਸਾਰਿਆਂ ਨੂੰ ਹੁਕਮਨਾਮੇ ਭੇਜੇ ਕਿ ਅੰਮ੍ਰਿਤ ਛਕੋ ਅਤੇ ਖਾਲਸਾ ਵਰਗ ਵਿੱਚ ਸ਼ਾਮਲ ਹੋ ਜਾਵੋ। ਪੰਜਾਂ ਪਿਆਰਿਆਂ ਤੋਂ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਿਆ। ਇਸਲਈ ਹਰੇਕ ਸਿੱਖ ਲਈ ਇਹ ਬਿਲਕੁਲ ਸਪਸ਼ਟ ਹੋ ਜਾਵੇ ਕਿ ਗੁਰੂ ਜੀ ਦੀ ਸ਼ਰਣ ਵਿੱਚ ਜਾਣ ਅਤੇ ਉਨ੍ਹਾਂ ਦੀ ਮਿਹਰ ਪ੍ਰਾਪਤ ਕਰਨ ਲਈ ਪੰਜਾਂ ਪਿਆਰਿਆ ਤੋਂ ਅੰਮ੍ਰਿਤ ਛਕਣਾ ਪਵੇਗਾ। ਕੇਵਲ ਤਦ ਹੀ ਅਧਿਆਤਮਕਤਾ ਵੱਲ ਜਤਨ

ਫਲਦਾਇਕ ਹੋਣਗੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਜੋ ਵੀ ਗੁਰੂ ਦੇ ਸਿੱਖ ਕਹਾਉਂਦੇ ਸਨ ਉਹਨਾਂ ਨੂੰ ਸਦਾ ਗੁਰੂ ਜੀ ਨੇ ਪਾਹੁਲ ਛਕਾਈ ਹੁੰਦੀ ਸੀ। ਗੁਰੂ ਜੀ ਦਾ ਹਰੇਕ ਸਿੱਖ ਨੂੰ ਹੁਕਮ ਹੈ ਅੰਮ੍ਰਿਤ ਛਕਣ ਲਈ ਅਤੇ ਇਹ ਹੁਕਮ ਮੰਨਣ ਪਿਛੋਂ ਹੀ ਗੁਰੂ ਜੀ ਨੂੰ ਪ੍ਰਵਾਨ ਹੋ ਸਕਦਾ ਹੈ :

"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।"

(ਆਸਾ ਦੀ ਵਾਰ ਪਉੜੀ ੧੫, ਪੰਨਾ ੪੭੧)

ਅਧਿਆਤਮਕ ਟੀਚੇ ਨੂੰ ਪ੍ਰਾਪਤ ਕਰਨ ਵੱਲ ਅੰਮ੍ਰਿਤ ਛਕਣਾ ਪਹਿਲਾ ਕਦਮ ਹੈ। ਗੁਰੂ ਦੀ ਰਹਿਤ-ਮਰਿਆਦਾ ਅਨੁਸਾਰ ਸਦਾਚਾਰੀ ਅਤੇ ਧਾਰਮਕ ਜੀਵਨ ਆਪਣੇ ਨਿਤ ਦੇ ਕੰਮਾਂ ਵਿੱਚ ਕਾਇਮ ਕਰਨਾ ਹੈ।ਰਹਿਤ ਮਰਿਆਦਾ ਵਿੱਚ ਅਧਿਆਤਮਕ ਉਤੇਜਨਾ, ਆਪਣਾ ਫਰਜ਼ ਈਮਾਨਦਾਰੀ ਨਾਲ ਨਿਭਾਉਣਾ, ਨਿਮਰਤਾ, ਸੰਜਮ ਅਤੇ ਪਰਉਪਕਾਰ ਸ਼ਾਮਲ ਹਨ। ਰਹਿਤ ਮਰਿਆਦਾ ਉਤੇ ਪਕੀ ਤਰ੍ਹਾਂ ਅਮਲ ਕਰਨ ਤੋਂ ਬਿਨਾਂ ਕੇਵਲ ਉਪਰਲੀ ਉਪਰਲੀ ਸ਼ਰਧਾ ਸਿੱਖ ਨੂੰ ਅਧਿਆਤਮਕ ਟੀਚੇ ਵਲ ਨਹੀਂ ਲਿਜਾਏਗੀ। ਅੰਮ੍ਰਿਤ ਛਕਣ ਪਿਛੋਂ ਜੀਵਨ ਦੇ ਹਰ ਖੇਤਰ ਵਿੱਚ ਸਿੱਖ ਨਿਰੰਤਰ ਸ਼ਰਧਾ ਅਤੇ ਗੁਰੂ ਜੀ ਦੇ ਹੁਕਮ ਲਈ ਹਾਰਦਿਕ ਪਿਆਰ ਰਾਹੀਂ ਗੁਰੂ ਦੀ ਮਿਹਰ ਭਾਲਦਾ ਹੈ। ਗੁਰੂ ਜੀ ਅੱਗੇ ਅਧੀਨਗੀ ਅਤੇ ਆਪਣੇ ਆਪ ਦੀ ਨਿਰੋਲ ਸੌਂਪਣਾ ਰਾਹੀਂ ਸ਼ਰਧਾਲੂ ਗੁਰੂ ਦੇ ਆਸ਼ੇ ਦਾ ਅਨੁਸਾਰੀ ਪੁਨਰ-ਜਨਮ ਲੈਂਦਾ ਹੈ ਅਤੇ ਕੇਵਲ ਉਸ ਪਧਰ ਤੇ ਪਹੁੰਚ ਕੇ ਹੀ ਸੱਚਾ ਸਿੱਖ ਕਹਾਉਂਦਾ ਹੈ :

"ਗੁਰੂ ਸਿੱਖੁ ਸਿੱਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ।
ਰਾਮਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ।"

(ਆਸਾ ਮਹਲਾ ੪, ਪੰਨਾ ੪੪੪)

## ਹਉਮੈ :

ਅਕਾਲ ਪੁਰਖ ਹਰ ਥਾਂ ਰਮਿਆ ਹੋਇਆ ਹੈ ਅਤੇ ਸਾਡੇ ਅੰਦਰ ਵੀ, ਪਰ ਹਉਮੈ ਦਾ ਇੱਕ ਪੜਦਾ ਸਾਨੂੰ ਉਸਤੋਂ ਵੱਖ ਕਰ ਦਿੰਦਾ ਹੈ, ਇਹ ਸਤਿ ਨੂੰ ਸਾਥੋਂ ਲੁਕਾਉਂਦਾ ਹੈ :

"ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ।
ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ।"

(ਰਾਗ ਸੋਰਠ ਮਹਲਾ ੫, ਪੰਨਾ ੬੨੪)

ਸਾਰੇ ਦੇ ਸਾਰੇ ਪੰਜੇ ਵਿਕਾਰ—ਕਾਮ, ਕਰੋਧ, ਲੋਭ, ਮੋਹ ਅਤੇ ਹਉਮੈ—ਅਧਿਆਤਮਕ ਪੰਧ ਵਿੱਚ ਰੁਕਾਵਟਾਂ ਹਨ, ਪਰ ਹਉਮੈ ਸਭ ਤੋਂ ਪ੍ਰਮੁਖ ਹੈ। ਗੁਰੂ ਜੀ ਦੇ ਸ਼ਬਦਾਂ ਵਿੱਚ 'ਹਉਮੈ' ਪਦ ਸਭ ਤੋਂ ਵਧੇਰੇ ਵਾਰ ਆਉਂਦਾ ਹੈ ਅਤੇ ਇਹ ਸਭ ਤੋਂ ਵੱਧ ਘਾਤਕ ਬਦੀ ਸਮਝੀ ਗਈ ਹੈ। ਹਉਮੈ ਆਚਰਣਕ ਬਦੀ ਹੈ ਜੋ ਸਾਰੇ ਮੰਦੇ ਕੰਮਾਂ ਦਾ ਜੜ੍ਹ-ਕਾਰਨ ਹੈ। ਇਹ ਹਉਮੈ ਉਸ ਭਰਮ ਦਾ ਸਿੱਟਾ ਹੈ ਜਿਸ ਰਾਹੀਂ ਮਨੁੱਖ ਨੂੰ ਆਪਣਾ ਆਪ ਹੀ ਸਭ ਤੋਂ ਵਧ ਮਹੱਤਵ ਵਾਲਾ ਲਗਦਾ ਹੈ। ਉਸ ਦੇ ਸਾਰੇ ਕੰਮ ਬਿਲਕੁਲ ਆਪਣੇ ਆਪ ਵੱਲ ਹੀ ਸੇਧੇ ਹੁੰਦੇ ਹਨ। "ਹਉ ਵਿਚਿ ਜੰਮਿਆ ਹਉ ਵਿਚਿ ਮੁਆ।" (ਆਸਾ ਮਹਲਾ ੫, ਪੰਨਾ ੪੬੬)। ਇਹ ਮਹਾਨ ਤਪਸਿਆ ਦੇ ਫਲ ਨੂੰ ਵੀ ਨਾਸ ਕਰ ਦਿੰਦੀ ਹੈ। ਹਉਮੈ ਦਾ ਪੜਦਾ ਜਦ ਇੱਕ ਮਹਾਨ ਜੋਗੀ ਉਤੇ ਪੈਂਦਾ ਹੇ ਤਾਂ ਇੱਕ ਛਿਣ ਵਿੱਚ ਉਹ ਆਪਣੀ ਵਰ੍ਹਿਆਂ ਬੱਧੀ ਕੀਤੀ ਹੋਈ ਤਪਸਿਆ ਦਾ ਮਿਲਿਆ ਲਾਭ ਗਵਾ ਲੈਂਦਾ ਹੈ। ਇਹ ਹਉਮੈ ਇੱਕ ਰੋਗ ਹੈ ਅਤੇ ਅਧਿਆਤਮਕ ਪ੍ਰਗਤੀ ਦੇ ਰਾਹ ਵਿੱਚ ਇੱਕ ਰੁਕਾਵਟ ਹੈ। ਜੀਵਨ ਦਾ ਮਨੋਰਥ ਅਕਾਲ ਪੁਰਖ ਦੀ ਵਡਿਆਈ ਅਤੇ ਦੈਵੀ ਗੁਣ ਗ੍ਰਹਿਣ ਕਰਨ ਰਾਹੀਂ ਅਧਿਆਤਮਿਕ ਨਿਸਤਾਰੇ ਉਤੇ ਕੇਂਦਰਤ ਹੈ। ਹਉਮੈ ਨਾਲ ਅੰਨ੍ਹਾ ਹੋਇਆ ਮਨੁੱਖ ਅਕਾਲ ਪੁਰਖ ਦੀ ਵਡਿਆਈ ਨੂੰ ਨਹੀਂ ਵੇਖ ਸਕਦਾ। ਇਸਲਈ ਜਿੰਨ੍ਹਾਂ ਚਿਰ ਹਉਮੈ ਹੈ ਉਸ ਦੇ ਹਿਰਦੇ ਵਿੱਚ ਨਾਮ ਨਹੀਂ ਵਸੇਗਾ। ਨਾਮ ਅਤੇ ਹਉਮੈ ਦੋ ਵਿਰੋਧੀ ਤੱਤ ਹਨ :

"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇੱਕ ਠਾਇ।"

(ਵਡਹੰਸ ਮਹਲਾ ੩, ਪੰਨਾ ੫੬੦)

ਹਉਮੈ ਵਿੱਚ ਗ੍ਰਸਿਆ ਮਨ ਗੁਰੂ ਜੀ ਦੇ ਦਸੇ ਉਪਦੇਸ਼ਾਂ ਉਤੇ ਨਹੀਂ ਚਲ ਸਕਦਾ ਅਤੇ ਇਸਤਰ੍ਹਾਂ ਆਪਣੀ ਦੱਬੀ ਹੋਈ ਆਤਮਾ ਨੂੰ ਹਨੇਰੇ ਵਿੱਚ ਆਪਣਾ ਰਾਹ ਟਟੋਲਣ ਤੇ ਛਡ ਦਿੰਦਾ ਹੈ। ਉਹ ਆਪਣਾ ਟੀਚਾ ਕਦੇ ਵੀ ਪ੍ਰਾਪਤ ਨਹੀ ਕਰਦਾ। ਹਉਮੈ ਲੋੜੀਂਦੀ ਅਧਿਆਤਮਕ ਪ੍ਰਾਪਤੀ ਦੇ ਰਾਹ ਵਿੱਚ ਰੋੜਾ ਬਣ ਖਲੋਂਦੀ ਹੈ। ਗੁਰੂ ਜੀ ਨੇ ਹਉਮੈ ਗ੍ਰਸਤ ਮਨੁੱਖ ਨੂੰ 'ਮਨਮੁਖ' ਨਾਮ ਦਿਤਾ ਹੈ। ਗੁਰੂ ਜੀ ਦੀ ਮਿਹਰ ਨਾਲ ਕੇਵਲ ਸ਼ਬਦ ਰਾਹੀਂ ਹਉਮੈ ਸੜ ਜਾਂਦੀ ਹੈ :

"ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ।"

(ਬਿਲਾਵਲੁ ਕੀ ਵਾਰ ਮਹਲਾ ੩, ਪੰਨਾ ੮੫੩)

## ਨਿਸਤਾਰਾ—ਅਕਾਲ ਪੁਰਖ ਨੂੰ ਮਿਲਣ ਦਾ ਰਾਹ :

**ਇੱਕ ਸਰੀਰ ਜੀਵਨ ਬਿਨਾਂ ਮਿਰਤਕ ਹੈ ਅਤੇ ਜੀਵਨ ਨਾਮ ਬਿਨਾਂ ਮਿਰਤਕ ਹੈ।** ਨਾਮ ਜੀਵਨ ਵਾਸਤੇ ਸੰਜੀਵਨੀ ਹੈ ਜਿਸ ਦੇ ਬਿਨਾਂ ਜੀਵਨ ਨਿਰਾਰਥਕ ਅਤੇ ਕੂੜੇ ਕਰਕਟ ਦਾ ਢੇਰ ਹੋਵੇਗਾ। ਨਾਮ ਨੂੰ ਭੁੱਲਣਾ ਆਤਮਾ ਨੂੰ ਕਸ਼ਟ ਦਿੰਦਾ ਹੈ। ਨਾਮ ਬਿਨਾਂ ਕੋਈ ਅਧਿਆਤਮਕ ਜਾਗ੍ਰਤੀ ਨਹੀਂ, ਮਨ ਦੀ ਸ਼ਾਂਤੀ ਨਹੀਂ, ਕੋਈ ਖੇੜਾ ਨਹੀਂ ਅਤੇ ਨਾ ਹੀ ਆਤਮਕ ਸੁਖ ਹੁੰਦਾ ਹੈ। ਇੱਕ ਸੱਚੇ ਅਤੇ ਫਲਦਾਇਕ ਜੀਵਨ ਲਈ ਨਾਮ ਵਿੱਚ ਲਗਣਾ ਇੱਕ ਜ਼ਰੂਰੀ ਸ਼ਰਤ ਹੈ :

"ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ।"

(ਫੁਨਹੇ ਮਹਲਾ ੫, ਪੰਨਾ ੧੩੬੩)

ਗੁਰਮਤ ਮੁਕਤੀ (ਨਿਸਤਾਰਾ) ਪ੍ਰਾਪਤ ਕਰਨ ਲਈ ਵਰਤ ਰੀਤਾਂ ਰਸਮਾਂ ਅਤੇ ਕਰਮਕਾਂਡ ਦੇ ਵਸੀਲਿਆਂ ਦੀ ਨਿਖੇਧੀ ਕਰਦੀ ਹੈ। ਗੁਰਮਤ ਯੋਗ, ਤਪਸਿਆ, ਆਪਣੇ ਆਪ ਨੂੰ ਤਸੀਹੇ ਦੇਣ, ਅਤੇ ਪਰਾਸਚਿਤ ਜਾਂ ਸੰਨਿਆਸ ਦੇ ਦਾਅਵਿਆਂ ਅਤੇ ਦੇਵੀਆਂ, ਪੱਥਰਾਂ, ਮੂਰਤੀਆਂ ਕਬਰਾਂ, ਮਸਾਣਾਂ, ਸਮਾਧੀਆਂ, ਬੁਤਾਂ ਅਤੇ ਤਸਵੀਰਾਂ ਦੀ ਪੂਜਾ ਨੂੰ ਵੀ ਨਹੀਂ ਮੰਨਦੀ। ਗੁਰਮਤ ਮੁਕਤੀ ਪ੍ਰਾਪਤ ਕਰਨ ਲਈ ਅਕਾਲ ਪੁਰਖ ਦੀ ਰਚੀ ਕਿਸੇ ਚੀਜ਼ ਦੀ ਪੂਜਾ ਕਰਨ ਤੋਂ ਮਨ੍ਹਾਂ ਕਰਦੀ ਹੈ। ਕੇਵਲ ਇੱਕ ਅਕਾਲ ਪੁਰਖ, ਨਿਰਾਕਾਰ, ਜਗਤ ਦੇ ਰਚਨਹਾਰ ਦੀ ਵਡਿਆਈ ਦੀ ਵੀਚਾਰ ਕਰਨੀ ਹੈ।

ਅਕਾਲ ਪੁਰਖ ਨੂੰ ਮਿਲਣ ਦਾ ਰਾਹ ਸਭ ਤੋਂ ਵਧ ਔਖਾ ਅਤੇ ਗੁੰਝਲਦਾਰ ਹੈ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇੱਕ ਤਕਨੀਕੀ ਪਹੁੰਚ ਦਰਸਾ ਕੇ ਇਹ ਰਾਹ ਸਾਦਾ ਅਤੇ ਸ਼ੀਸ਼ੇ ਵਾਂਗ ਸਾਫ ਕਰ ਦਿਤਾ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਕਿਉਂਕਿ ਮਨੁਖਾ ਜਨਮ ਕਈ ਜੂਨਾਂ ਵਿਚੋਂ ਲੰਘਣ ਪਿਛੋਂ ਮਿਲਦਾ ਹੈ, ਇਸ ਵਿੱਚ ਉਹਨਾਂ ਜੂਨਾਂ ਦੀ ਮੈਲ ਇਕੱਠੀ ਹੋਈ ਹੁੰਦੀ ਹੈ।ਮਨੁਖ ਦਾ ਮਨ ਉਸ ਮੈਲ ਨਾਲ ਕਾਲਾ ਹੋਇਆ ਹੁੰਦਾ ਹੈ :

"ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ।'

(ਸਲੋਕ ਮਹਲਾ ੩, ਪੰਨਾ ੬੫੧)

ਜਿੰਨਾ ਚਿਰ ਮਨੁੱਖ ਦਾ ਮਨ ਮੈਲਾ ਰਹਿੰਦਾ ਹੈ, ਇਹ ਆਤਮਾ ਉਸ ਅਕਾਲ ਪੁਰਖ, ਜੋ ਬਿਲਕੁਲ ਨਿਰਮਲ ਹੈ, ਨਾਲ ਨਹੀਂ ਮਿਲੇਗੀ। ਜਦ ਮਨ ਸਵਛ ਹੋ ਜਾਂਦਾ ਹੈ, ਤਾਂ ਆਤਮਾ ਪਰਮ ਆਤਮਾ ਵਿੱਚ ਰਲ ਜਾਵੇਗੀ। ਮਨ ਕਿਸ ਤਰ੍ਹਾਂ ਸਵਛ ਹੁੰਦਾ ਹੈ ?

"ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ।"

(ਵਡਹੰਸ ਮਹਲਾ ੧, ਪਨਾ ੫੫੭)

ਜਿਨ੍ਹਾਂ ਨੇ ਇਹ ਸਿਫਤਿ ਕੀਤੀ ਹੈ ਉਹਨਾਂ ਨੇ ਮਾਇਆ ਦਾ ਸਾਗਰ ਪਾਰ ਕਰ ਲਿਆ ਹੈ ਅਤੇ ਅਕਾਲ ਪੁਰਖ ਵਿੱਚ ਸਮਾ ਗਏ ਹਨ :

"ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ।'

(ਸਲੋਕ ਮਹਲਾ ੧, ਪੰਨਾ ੪੬੯)

ਜੇ ਇੱਕ ਗਲਾਸ ਮੈਲੇ ਪਾਣੀ ਨਾਲ ਭਰਿਆ ਹੋਇਆ ਹੈ, ਉਸ ਵਿੱਚ ਲਗਾਤਾਰ ਸਾਫ ਪਾਣੀ ਪਾਉਂਦੇ ਜਾਉ। ਜਿਉਂ ਜਿਉਂ ਸਾਫ ਪਾਣੀ ਪੈਂਦਾ ਜਾਵੇਗਾ, ਮੈਲਾ ਪਾਣੀ ਉਤੇ ਆਕੇ ਗਲਾਸ ਤੋਂ ਬਾਹਰ ਡਿੱਗਦਾ ਜਾਵੇਗਾ ਅਤੇ ਅਖੀਰ ਗਲਾਸ ਸਾਫ ਪਾਣੀ ਨਾਲ ਭਰ ਜਾਵੇਗਾ।

**ਇਸੇ ਤਰ੍ਹਾਂ ਲਗਾਤਾਰ ਅਕਾਲ ਪੁਰਖ ਦੀ ਅਰਾਧਨਾ ਅਤੇ ਸਿਫਤ-ਸਲਾਹ ਮਨ ਦੀ ਮੈਲ ਕੱਢ ਦੇਵੇਗੀ। ਮਨੁੱਖ ਮਨ ਦੀ ਹਾਲਤ ਉਗੜ-ਦੁਗੜੀ ਹੁੰਦੀ ਹੈ। ਇਹ ਪੰਜਾਂ ਵਿਕਾਰਾਂ—ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਅਰਥਾਤ ਹਉਮੈ ਨਾਲ ਭਰਿਆ ਹੋਇਆ ਹੈ। ਇਹ ਨਾਮ ਦੀ ਪ੍ਰਾਪਤੀ ਦੇ ਰਾਹ ਵਿੱਚ ਰੁਕਾਵਟਾਂ ਹਨ। ਅਧਿਆਤਮਕ ਉਨੱਤੀ ਲਈ ਮਨ ਦੀ ਸਵੱਛਤਾ ਲੋੜੀਂਦੀ ਹੇ। ਕੋਈ ਮਨੁੱਖ ਜਾਂ ਸਾਧੂ ਇਸ ਅੰਦਰਲੀ ਉਗੜ-ਦੁਗੜੀ ਹਾਲਤ ਦਾ ਸੁਧਾਰ ਕੀਤੇ ਬਿਨਾਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਅੰਦਰਲੀ ਉਗੜ-ਦੁਗੜੀ ਹਾਲਤ ਨੂੰ ਇਸ ਵਿਚੋਂ ਪੰਜੇ ਵਿਕਾਰ ਕਢ ਕੇ ਅਨੁਸ਼ਾਸਨ ਵਿੱਚ ਲਿਆਉਣਾ ਅਧਿਆਤਮਕ ਸਰਵਉਤਮਤਾ ਲਈ ਪਹਿਲੀ ਲੋੜ ਹੈ, ਜਿਵੇਂ ਗੁਰੂ ਜੀ ਨੇ ਹੁਕਮ ਕੀਤਾ ਹੋਇਆ ਹੈ। ਅਕਾਲ ਪੁਰਖ ਸਰਬ ਸ਼ਕਤੀਮਾਨ ਪਾਤਸ਼ਾਹ, ਦੀ ਵਡਿਆਈ ਦਾ ਗਾਇਨ ਕਰਨਾ ਮਨ ਦੀ ਮੈਲ ਦੂਰ ਕਰਨ ਲਈ ਸਹਾਇਤਾ ਕਰੇਗਾ। ਅਕਾਲ ਪੁਰਖ ਦੀ ਮਹਿੰਮਾ ਦਾ ਗਾਇਨ ਕਰਦਿਆਂ ਮਨੁੱਖ ਮਨ ਰੱਬੀ**

**ਗੁਣਾਂ ਨੂੰ ਆਪਣੇ ਵਿੱਚ ਵਸਾਈ ਜਾਵੇਗਾ।ਫਲਸਰੂਪ ਜਦ ਸਾਰੀ ਮੈਲ ਦੂਰ ਹੋ ਜਾਵੇਗੀ, ਨਿਰਮਲ ਮਨ ਵਿੱਚ ਨਾਮ ਨਿਵਾਸ ਕਰ ਲਵੇਗਾ। ਇਸਤਰ੍ਹਾਂ ਉਗੜ-ਦੁਗੜੀ ਹਾਲਤ ਠੀਕ ਹੋ ਕੇ ਮਨ ਦੀ ਹਾਲਤ ਅਨੰਦਮਈ ਉਚੀ ਹੋ ਜਾਵੇਗੀ। ਅਧਿਆਤਮਕ ਵਿਕਾਸ ਹੋਵੇਗਾ ਅਤੇ ਇਸ ਦਾ ਫਲ ਹੋਵੇਗਾ ਪਰਮ ਆਤਮਕ ਸੁਖ :**

"ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ।

(ਰਾਮਕਲੀ ਮਹਲਾ ੩, ਅਨੰਦ, ਪੰਨਾ ੯੧੭)

ਗੁਰਮਤ ਹੋਰ ਵੀ ਦਸਦੀ ਹੈ ਕਿ ਜਦੋਂ ਹੱਥ ਮਿੱਟੀ ਨਾਲ ਲਿਬੜ ਜਾਣ ਤਾਂ ਪਾਣੀ ਨਾਲ ਉਹ ਮਿੱਟੀ ਧੋਤੀ ਜਾਂਦੀ ਹੈ। ਜੇ ਕੱਪੜਾ ਮੂਤਰ ਨਾਲ ਗੰਦਾ ਹੋ ਜਾਵੇ ਤਾਂ ਸਾਦੇ ਪਾਣੀ ਨਾਲ ਸਾਫ ਨਹੀਂ ਹੋਵੇਗਾ, ਸਾਬਨ ਨਾਲ ਧੋਣਾ ਪਵੇਗਾ। ਇਸੇਤਰ੍ਹਾਂ ਜਦ ਸਾਡਾ ਮਨ ਪਾਪਾਂ ਦੀ ਮੈਲ ਨਾਲ ਭਰਿਆ ਹੋਵੇ ਤਾਂ ਉਸ ਨੂੰ ਸਾਫ ਕਰਨ ਲਈ ਤਕੜਾ ਸਾਬਨ ਚਾਹੀਦਾ ਹੈ ਅਤੇ ਉਹ ਸਾਬਨ ਹੈ ਨਾਮ :

"ਭਰੀਐ ਹਥੁ ਪੈਰੁ ਤਨੁ ਦੇਹ।
ਪਾਣੀ ਧੋਤੈ ਉਤਰਸੁ ਖੇਹ।
ਮੂਤ ਪਲੀਤੀ ਕਪੜੁ ਹੋਇ।
ਦੇ ਸਾਬੂਣੁ ਲਈਐ ਓਹੁ ਧੋਇ।
ਭਰੀਐ ਮਤਿ ਪਾਪਾ ਕੈ ਸੰਗਿ।
ਓਹੁ ਧੋਪੈ ਨਾਵੈ ਕੈ ਰੰਗਿ।"

(ਜਪੁ ਜੀ, ਪਉੜੀ ੨੦, ਪੰਨਾ ੪)

ਸਿਫਤਿ ਸਲਾਹ ਦਾ ਫਲ, ਇੱਕ ਹੈ ਕਿ ਮਨ ਦੀ ਸਾਰੀ ਮੈਲ ਧੋਤੀ ਜਾਂਦੀ ਹੈ ਅਤੇ ਇਹ ਸ਼ੁਧ ਹੋ ਜਾਂਦਾ ਹੈ। ਦੂਜਾ, ਜਦ ਮਨ ਨਿਰਮਲ ਹੋ ਜਾਂਦਾ ਹੈ ਤਾਂ ਇਸ ਵਿੱਚ ਨਾਮ ਰੂਪੀ ਅੰਮ੍ਰਿਤ ਦਾ ਨਿਵਾਸ ਹੋ ਜਾਂਦਾ ਹੈ :

"ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ।"

(ਗਉੜੀ ਸੁਖਮਨੀ ਮ ੫, ੧-੪, ਪੰਨਾ ੨੬੩)

**ਇਹ ਅਵਸਥਾ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਇੱਕ ਸੱਚਾ ਸ਼ਰਧਾਲੂ ਤਾਂਘਦਾ ਹੈ। ਸਿਫਤਿ ਸਲਾਹ ਰਾਹੀਂ, ਮਨੁਖ ਦਾ ਮਨ ਨਾਮ ਨਾਲ ਜੁੜਦਾ ਹੈ ਅਤੇ ਪ੍ਰਕਾਸ਼ਮਾਨ ਹੋ ਜਾਂਦਾ ਹੈ। ਪ੍ਰਕਾਸ਼ਮਾਨ ਮਨ ਉਗਮਨ ਤੇ ਸ਼ਰਧਾਲੂ ਦਾ ਗੁਰੂ ਜੀ ਦੇ ਉਪਦੇਸ਼ਾਂ ਅਨੁਕੂਲ ਪੁਨਰ ਜਨਮ ਹੋ ਜਾਂਦਾ ਹੈ ਅਤੇ ਉਹ ਹੌਲੀ ਹੌਲੀ ਅਧਿਆਤਮਕ ਉਨਤੀ ਕਰਨੀ ਅਰੰਭ ਕਰਦਾ ਹੈ। ਨਾਮ ਉਸ ਦੀ ਚੇਤਨਾ ਉਤੇ ਉਕਰ ਜਾਂਦਾ ਹੈ ਅਤੇ ਉਸ ਦੀ ਆਤਮਾ ਅਤੇ ਮਨ ਵਿੱਚ ਉੱਤੱਰ ਜਾਂਦਾ ਹੈ। ਇਹ ਸ਼ੋਭਨੀਕ ਪਰਿਵਰਤਨ ਅਰਥਾਤ ਰੂਪਾਂਤਰ ਮਨੁੱਖ ਦੀ ਆਤਮਾ ਨੂੰ ਪੂਰਨ ਅਨੰਦ ਦੀ ਦਸ਼ਾ ਵਿੱਚ ਚੜ੍ਹ ਜਾਣ ਲਈ ਸਹਾਈ ਹੁੰਦਾ ਹੈ। ਇਹ ਤਬਦੀਲੀ ਇੱਕ ਮਨੁੱਖ ਦੇ ਆਪਣੇ ਅੰਦਰ ਇੱਕ ਸੂਰਤ ਤੋਂ ਦੂਜੀ ਸੂਰਤ ਵਿੱਚ ਵਾਪਰਦੀ ਹੈ। ਅਕਾਲ ਪੁਰਖ ਨਾਲ ਜੁੜਣ ਦਾ ਪੱਖ ਮਨੁੱਖ ਦੇ ਅੰਦਰ ਹੀ ਪਰਿਵਰਤਨ ਕਰਦਾ ਅਤੇ ਸ਼ਰਧਾਲੂ ਨੂੰ ਆਪੇ (ਵਿਅਕਤੀਤਵ) ਤੋਂ ਉਤੇ ਆਪਾ-ਰਹਿਤ (ਵਿਅਕਤਿਤਵ-ਰਹਿਤ) ਦੀ ਅਵਸਥਾ ਵਿੱਚ ਲਿਜਾਂਦਾ ਹੈ। ਸਾਰੇ ਹੱਦ-ਬੰਨੇ, ਬੰਦਸ਼ਾਂ ਅਤੇ ਰੁਕਾਵਟਾਂ ਟੁੱਟ ਜਾਂਦੇ ਹਨ ਅਤੇ ਇੱਕ ਮਨੁੱਖ ਦੀ ਆਤਮਾ ਪਰਮ ਆਤਮਾ ਵਿੱਚ ਅਭੇਦ ਹੋਣ ਲਗਦੀ ਹੈ, ਜਿਵੇਂ ਪਾਣੀ ਪਾਣੀ ਵਿੱਚ ਮਿਲ ਜਾਂਦਾ ਹੈ, ਸਾਡੀ ਜੋਤਿ ਅਕਾਲ ਪੁਰਖ ਦੀ ਜੋਤਿ ਵਿੱਚ ਸਮਾ ਜਾਂਦੀ ਹੈ :**

**"ਮਨ ਤਨ ਨਾਮਿ ਰਤੇ ਇੱਕ ਰੰਗਿ।
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ।
ਜਿਉ ਜਲ ਮਹਿ ਜਲ ਆਇ ਖਟਾਨਾ।
ਤਿਉ ਜੋਤੀ ਸੰਗਿ ਜੋਤਿ ਸਮਾਨਾ।
ਮਿਟਿ ਗਏ ਗਵਨ ਪਾਏ ਬਿਸਰਾਮ।
ਨਾਨਕ ਪ੍ਰਭ ਕੈ ਸਦ ਕੁਰਬਾਨ।**

(ਗਉੜੀ ਸੁਖਮਨੀ ਮ: ੫, ੧੧-੮, ਪੰਨਾ ੨੭੮)

## ਸਿਮਰਨ ਕਿਸਦਾ ਕੀਤਾ ਜਾਵੇ ਅਰਥਾਤ ਸਿਫਤਿ ਸਲਾਹ ਕਿਸਤਰ੍ਹਾਂ ਕੀਤੀ ਜਾਏ :

ਇੱਕ ਸਿੱਖ ਨੇ ਕੇਵਲ ਇੱਕ ਅਕਾਲ ਪੁਰਖ ਦੀ ਪੂਜਾ ਕਰਨੀ ਹੈ ਅਤੇ ਹੋਰ ਕਿਸੇ ਦੀ ਨਹੀਂ। ਪਰ ਅਕਾਲ ਪੁਰਖ ਨਿਰਾਕਾਰ ਹੈ, ਫਿਰ ਅਰਾਧਨਾ ਕਿਸ ਦੀ ਕੀਤੀ ਜਾਵੇ ਕਿਸ ਉਤੇ ਧਿਆਨ ਲਗਾਇਆ ਜਾਵੇ ? ਸਿਧਾਂ ਨਾਲ ਗੋਸ਼ਟੀ ਸਮੇਂ ਚਰਪਟ ਨਾਮੀ ਇੱਕ ਯੋਗੀ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ, "ਆਪ ਕਹਿੰਦੇ ਹੋ ਕਿ ਸੰਸਾਰ ਤਿਆਗ ਨ ਕੀਤਾ ਜਾਵੇ ਸਗੋਂ ਇਸ ਦੇ ਵਿੱਚ ਰਹਿ ਕੇ ਜੀਵਨ ਬਿਤਾਇਆ ਜਾਵੇ। ਪਰ ਮਾਇਆ (ਪਦਾਰਥਵਾਦ) ਐਨੀ ਪ੍ਰਬਲ ਹੈ, ਇਸ ਉਤੇ ਕਿਸਤਰ੍ਹਾਂ ਕਾਬੂ ਪਾਇਆ ਜਾਵੇ ਅਤੇ ਮਾਇਆ ਦੇ ਵਿੱਚ ਰਹਿੰਦਿਆਂ ਅਕਾਲ ਪੁਰਖ ਵਿੱਚ ਅਭੇਦ ਹੋਇਆ ਜਾਵੇ ? ਕ੍ਰਿਪਾ ਕਰਕੇ ਇਸ ਪਿਛੇ ਆਪਦੇ ਮੰਤਵ ਦੀ ਸੋਝੀ ਦਿਉ ?"

"ਦੁਨੀਆ ਸਾਗਰੁ ਦੁਤਰੁ ਕਹੀਐ ਕਿਉਕਰਿ ਪਾਈਐ ਪਾਰੋ।
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ।"

(ਸਿਧ ਗੋਸ਼ਟਿ, ਚਰਪਟ, ਪੰਨਾ ੯੩੮)

## ਗੁਰੂ ਜੀ ਨੇ ਦੋ ਉਦਾਹਰਨ ਦਿੱਤੇ :

ਇੱਕ ਕਮਲ ਫੁਲ ਸਦਾ ਪਾਣੀ ਦੀ ਸਤਾਹ ਤੋਂ ਉਪਰ ਤਰਦਾ ਰਹਿੰਦਾ ਹੈ।ਇਹ ਪਾਣੀ ਬਿਨਾਂ ਜੀਵਤ ਨਹੀਂ ਰਹਿ ਸਕਦਾ, ਤਦ ਵੀ ਇਹ ਪਾਣੀ ਦੀਆਂ ਲਹਿਰਾਂ ਤੇ ਅਣਭਿੱਜ ਸਦਾ ਪਾਣੀ ਦੀ ਸਤਾਹ ਤੋਂ ਉਤੇ ਉਠਿਆ ਰਹਿੰਦਾ ਹੈ। ਇੱਕ ਬਤਖ ਪਾਣੀ ਵਿੱਚ ਤਰਦੀ ਹੇ ਪਰ ਕਦੀ ਵੀ ਆਪਣੇ ਪਰ ਗਿੱਲੇ ਨਹੀਂ ਹੋਣ ਦਿੰਦੀ। ਜੇ ਇਸ ਦੇ ਪਰ ਭਿੱਜ ਜਾਣ ਤਾਂ ਇਹ ਡੁੱਬ ਜਾਵੇਗੀ, ਅਤੇ ਬਤਖ ਇਹ ਜਾਣਦੀ ਹੈ। ਭਾਵੇਂ ਬਤਖ ਪਾਣੀ ਬਿਨਾਂ ਰਹਿ ਨਹੀਂ ਸਕਦੀ, ਤਾਂ ਵੀ ਇਹ ਪਾਣੀ ਦੀਆਂ ਲਹਿਰਾ ਦੀ ਪਰਵਾਹ ਨਹੀਂ ਕਰਦੀ।

ਇਸੇ ਤਰ੍ਹਾਂ ਇੱਕ ਮਨੁੱਖ ਜਗਤ ਵਿੱਚ ਮਾਇਆ (ਪਦਾਰਥਵਾਦ) ਬਿਨਾਂ ਨਹੀਂ ਰਹਿ ਸਕਦਾ, ਪਰ ਤਦ ਵੀ ਮਾਇਆ ਵਿੱਚ ਰਹਿੰਦਿਆਂ ਅਸਾਂ ਮਾਇਆ ਤੋਂ ਉਤੇਰਹਿ ਕੇ ਜੀਵਨ ਜੀਊਣਾ ਹੈ। ਪਦਾਰਥਕ ਲੋੜਾਂ ਦੀ ਇੱਛਾ ਹੰਦੀ ਹੈ ਅਤੇ ਇਹ ਲੋੜਾਂ ਜੀਵਨ ਦੇ ਅਤਿ ਲੋੜੀਂਦੇ ਕਾਰਜਾਂ ਲਈ ਜ਼ਰੂਰੀ ਹਨ। ਸੋ ਜਿਵੇਂ ਇੱਕ ਕਮਲ ਫੁਲ ਅਤੇ ਬਤਖ ਪਾਣੀ ਵਿੱਚ ਰਹਿੰਦਿਆਂ ਇਸ ਵਿੱਚ ਡੁੱਬਦੇ ਨਹੀਂ, ਇੱਕ ਮਨੁੱਖ ਨੂੰ ਵੀ ਮਾਇਆ ਤੋਂ ਵੱਖਰਾ ਅਤੇ ਨਿਰਲੇਪ ਰਹਿਣਾ ਚਾਹੀਦਾ ਹੈ, ਅਕਾਲ ਪੁਰਖ ਨੂੰ ਯਾਦ ਰਖਦਿਆਂ। ਇਹ ਸਿਫਤਿ ਸਲਾਹ ਰਾਹੀਂ ਸੰਭਵ ਹੈ। ਸ਼ਬਦ (ਰੱਬੀ ਬਾਣੀ) ਨਾਲ ਜੋੜ ਮਾਇਆ ਦੇ ਤੱਤ ਨੂੰ ਦਬਾ ਦੇਵੇਗਾ ਅਤੇ ਅੰਦਰ ਨਾਮ ਦਾ ਵਾਸਾ ਕਰ ਦੇਵੇਗਾ ਜੋ ਮਨੁੱਖ ਨੂੰ ਨਿਰਾਕਾਰ ਅਕਾਲ ਪੁਰਖ ਵਿੱਚ ਵਾਪਸ ਲੈ ਜਾਵੇਗਾ :

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦ ਭਵ ਸਾਗਰੁ ਤਰੀਐ ਨਾਨਕ ਨਾਮ ਵਖਾਣੇ।"

(ਰਾਮਕਲੀ ਮਹਲਾ ੧, ਸਿਧ ਗੋਸ਼ਟਿ, ਪੰਨਾ ੯੩੮)

ਜੀਵਨ ਦਾ ਮਨੋਰਥ ਪ੍ਰਾਪਤ ਕਰਨ ਲਈ ਪੂਰਾ ਪੂਰਾ ਧਿਆਨ ਅਤੇ ਲਗਨ ਚਾਹੀਦੀ ਹੈ। ਮਨ ਦੀ ਨਿਰਮਲਤਾ ਅਤੇ ਉਦੇਸ਼ ਦੀ ਨਿਸ਼ਕਪਟਤਾ ਅਜੇਹੇ ਮਨੋਰਥ ਦੀ ਪ੍ਰਾਪਤੀ ਲਈ ਲੋੜੀਂਦੀਆਂ ਹਨ। ਜਦ ਉਦੇਸ਼ ਨਿਰਾਕਾਰ ਅਕਾਲ ਪੁਰਖ ਹੋਵੇ ਤਾਂ ਇਹ ਘਾਲਣਾ ਵਧ ਤੋਂ ਵਧ ਮੁਸ਼ਕਲ ਬਣ ਜਾਂਦੀ ਹੈ। ਜਦ ਅਸੀਂ ਗੁਰਬਾਣੀ ਦਾ ਪਾਠ ਕਰਦੇ ਹਾਂ ਅਤੇ ਪੜ੍ਹੇ ਜਾ ਰਹੇ ਸ਼ਬਦਾਂ ਦੇ ਭਾਵ ਅਰਥ ਨਹੀਂ ਜਾਣਦੇ ਤਾਂ ਸਾਡਾ ਜਪਣਾ ਮਸ਼ੀਨੀ, ਰਿਵਾਜੀ ਅਤੇ ਵਿਅਰਥ ਹੁੰਦਾ ਹੈ। ਇਸ ਦਾ ਸਿੱਟਾਂ ਚੰਗਾ ਨਹੀਂ ਹੋ ਸਕਦਾ। ਦੂਜਾ, ਜੇ ਸਾਨੂੰ ਸ਼ਬਦ ਦੇ ਅਰਥ ਪਤਾ ਵੀ ਹੋਣ, ਪਰ ਸਾਡਾ ਮਨ ਸ਼ਬਦ ਵਿੱਚ ਨ ਜੁੜਿਆ ਹੋਵੇ ਅਤੇ ਪਾਠ ਕਰਦਿਆਂ ਐਧਰ ਓਧਰ ਫਿਰਦਾ ਰਵ੍ਹੇ, ਤਾਂ ਵੀ ਇਸ ਦਾ ਪਰਿਣਾਮ ਸਾਰਥਕ ਨਹੀਂ ਹੋਵੇਗਾ। ਇਸ ਲਈ ਇਹ ਯਾਦ ਰਖਣਾ ਜ਼ਰੂਰੀ ਹੈ ਕਿ ਬੇਧਿਆਨੀ ਨਾਲ ਕੀਤੀ ਅਰਾਧਨਾ ਫਲਦਾਇਕ ਨਹੀਂ ਹੋਵੇਗੀ ਅਤੇ ਇਯ ਕਾਰਨ ਅਕਾਲ ਪੁਰਖ ਨੂੰ ਪ੍ਰਵਾਨ ਨਹੀਂ ਹੋਵੇਗੀ। (ਅਰਦਾਸ ਹਜ਼ੂਰੀ ਦੀ ਮਨਜ਼ੂਰ ਹੁੰਦੀ ਹੈ।) ਇਕਾਗਰ,ਚੇਤੰਨ ਅਤੇ ਪੂਰਨ ਤੌਰ ਤੇ ਬੇਲਾਗ ਮਨ ਅਰਾਧਨਾ (ਸਿਮਰਨ) ਲਈ ਚਾਹੀਦਾ ਹੈ। **ਸੋ, ਜਦ ਵੀ ਅਸੀਂ ਗੁਰਬਾਣੀ ਪੜ੍ਹਦੇ, ਸੁਣਦੇ ਜਾਂ ਗਾਉਂਦੇ ਹਾਂ ਤਾਂ ਸਾਨੂੰ ਉਸ ਸ਼ਬਦ ਦੇ ਭਾਵਅਰਥ ਵਿੱਚ ਪੂਰਾ ਧਿਆਨ ਦੇਣਾ ਜ਼ਰੂਰੀ ਹੈ। ਜਦ ਸਾਡਾ ਮਨ ਉਸ ਸ਼ਬਦ ਵਿੱਚ ਜੁੜ ਜਾਂਦਾ ਹੈ ਤਾਂ ਸਾਡਾ ਮਨ ਉਸ ਸ਼ਬਦ ਦੇ ਤਤ-ਭਾਵ ਦਾ ਅਸਰ ਕਬੂਲਣਾ ਸ਼ੁਰੂ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਜੁੜਨ ਦਾ ਫਲ ਆਤਮਕ ਸੁਖ, ਸ਼ਾਂਤੀ ਅਤੇ ਸਦੀਵੀ ਅਨੰਦ ਹੁੰਦਾ ਹੈ। (ਇਹ ਹੈ ਸੁਰਤ ਸਬਦ ਦਾ ਮਿਲਾਪ) ਇਸ ਜੁੜਨ ਵਿੱਚ ਮਨੁੱਖ ਨੂੰ ਇੱਕ ਅਜੇਹੇ ਰਸ ਦਾ ਅਨੁਭਵ ਹੁੰਦਾ ਹੈ ਜਿਸ ਨੂੰ ਹਰੀ ਰਸ ਕਿਹਾ ਗਿਆ ਹੈ। ਪਰ ਵਰਨਣ ਨਹੀਂ ਕੀਤਾ ਜਾ ਸਕਦਾ ਹੈ :**

"ਆਨ ਰਸਾ ਜੇਤੇ ਹੈ ਚਾਖੇ।
ਨਿਮਖ ਨ ਤ੍ਰਿਸਨਾ ਤੇਰੀ ਲਾਥੇ।

ਹਰਿਰਸ ਕਾ ਤੂੰ ਚਾਖਹਿ ਸਾਦੁ।
ਚਾਖਤ ਹੋਇ ਰਹਹਿ ਬਿਸਮਾਦੁ।"

(ਗਉੜੀ ਗੁਆਰੇਰੀ, ਮ: ੫, ਪੰਨਾ ੧੮੦)

**ਜਦ ਮਨ ਸ਼ਬਦ ਨਾਲ ਪੱਕਾ ਜੁੜ ਜਾਂਦਾ ਹੈ ਤਾਂ ਸ਼ਰਧਾਲੂ ਗੁਰੂ ਜੀ ਦੇ ਆਸ਼ੇ ਅਨੁਸਾਰ ਪੁਨਰ ਜਨਮ ਪ੍ਰਾਪਤ ਕਰਦਾ ਹੈ।** ਫਿਰ ਉਹ ਸ਼ਬਦ ਵਿੱਚ ਅਭਾਵ ਹੋ ਕੇ ਇਸ ਆਤਮਕ ਪੁਨਰ-ਜਨਮ ਪਿਛੋਂ ਕਦੇ ਨਹੀਂ ਮਰਦਾ :

"ਸਬਦਿ ਮਰਹਿ ਫਿਰਿ ਨ ਮਰਹਿ ਤਾ ਸੇਵਾ ਪਵੈ ਸਭ ਥਾਇ।"

(ਰਾਗ ਸੋਰਠ, ਸਲੋਕ ਮਹਲਾ ੩, ਪੰਨਾ ੬੪੯)

**ਜੋ ਲੋਕ ਸ਼ਬਦ (ਗੁਰਬਾਣੀ) ਨਾਲ ਮਨ ਜੋੜ ਕਾਇਮ ਕਰ ਲੈਂਦੇ ਹਨ, ਉਹ ਜ਼ਰੂਰ ਨਿਰੰਤਰ ਆਤਮਕ ਸੁੱਖ ਮਾਨਣਗੇ :**

**"ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ।**
**ਨਾਮੁ ਜਪੈ ਨਾਨਕ ਮਨਿ ਪ੍ਰੀਤਿ।"**

(ਗਉੜੀ ਸੁਖਮਨੀ ਮ: ੧੨-੮, ਪੰਨਾ ੨੭੯)

ਪਹਿਲੀ ਸੂਚਨਾ: ਸਿੱਖ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਗੁਰੂ ਵਾਲਾ ਹੋਕੇ ਗੁਰੂ ਪ੍ਰਾਪਤ ਨਾਮ ਦੀ ਕਮਾਈ ਕਰਨੀ ਹੈ।ਤਾਂ ਉਹ ਪਰਮਪਦ ਦੀ ਪ੍ਰਾਪਤੀ ਤੇ ਪਹੁੰਚ ਸਕੇਗਾ।

ਜਿਉ ਜਲ ਮਹਿ ਜਲ ਆਇ ਖਟਾਨਾ।
ਤਿਉ ਜੋਤੀ ਸੰਗਿ ਜੋਤਿ ਸਮਾਨਾ। (ਗਉੜੀ ਸੁਖਮਨੀ ਮ:੫ ਪੰਨਾ ੨੭੮)

ਬਦਕਿਸਮਤੀ ਦੀ ਗਲ ਇਹ ਹੈ ਕਿ ਸਿੱਖ ਦਾ ਅਤੇ ਪੰਥ ਦਾ ਇਸ ਪਾਸੇ ਧਿਆਨ ਹੀ ਨਹੀਂ। ਸਿੱਖ ਅੰਮ੍ਰਿਤ ਦੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ। ਇਹ ਗਲ ਧਿਆਨ ਰਖ ਲੈਣੀ ਚਾਹੀਦੀ ਹੈ ਕਿ ਭਾਵੇਂ ਹੋਰ ਲਖਾਂ ਯਤਨ ਕੋਈ ਪਿਆ ਕਰੇ ਪਰ ਗੁਰੂ ਤੋਂ ਬਗੈਰ ਪਰਮਪਦ ਦੀ ਪ੍ਰਾਪਤੀ ਨਹੀਂ ਹੋ ਸਕੇਗੀ!

ਮਤ ਕੋ ਭਰਮਿ ਭੁਲੈ ਸੰਸਾਰਿ।
ਗੁਰ ਬਿਨੁ ਕੋਇ ਨ ਉਤਰਸਿ ਪਾਰਿ। (ਗੋਂਡ ਮ:੫ ਪੰਨਾ ੮੬੪)

ਜਦ ਤੱਕ ਪਰਮਪਦ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਮਨੁਖ ਜਨਮ ਮਰਨ ਦੇ ਚੱਕਰ ਵਿੱਚ ਪਿਆ ਰਹੇਗਾ। ਹੋ ਸਕਦਾ ਹੈ ੮੪ ਲਖ ਦੇ ਗੇੜ ਵਿੱਚ ਭੀ ਪੈ ਜਾਵੇ। ਅਗਰ ਪਰਮਪਦ ਦੀ ਪ੍ਰਾਪਤੀ ਨਹੀਂ ਤਾਂ ਘਟੋ ਘਟ ਮਨੁਖਾ ਜਨਮ ਤਾਂ ਫੇਰ ਮਿਲ ਜਾਵੈ? ਇਸ ਲਈ ਨਿਤਨੇਮ ਪੰਜ ਬਾਣੀਆਂ ਦਾ ਪਾਠ ਕਰੋ। ਅਗਰ ਇਹ ਨਹੀਂ ਤਾਂ ਜਪੁਜੀ ਸਾਹਿਬ ਦਾ ਨਿਤਨੇਮ ਕਰੋ। ਅਗਰ ਇਹ ਭੀ ਨਹੀਂ ਤਾਂ ੧੫ ਮਿੰਟ "ਵਾਹਿਗੁਰੂ" ਅਤੇ ੧੫ ਮਿੰਟ ਮੂਲਮੰਤਰ ਅਵੱਸ਼ ਕਰੋ।

ਦੂਜੀ ਸੂਚਨਾ : ਗੁਰੂ ਸਾਹਿਬ ਦਾ ਫੁਰਮਾਨ ਹੈ-
"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ"

(ਸਿਰੀਰਾਗ ਮ:੧ ਪੰਨਾ ੬੨)

ਸੱਚ ਸਭ ਤੋਂ ਉਚਾ ਹੈ। ਪਰ ਸੱਚ ਤੋਂ ਵੀ ਉਤੇ ਸੱਚ ਦੀ ਰਹਿਣੀ ਹੈ।

ਅਗਰ ਅਸੀਂ ਗੁਰੂ ਵਾਲੇ ਹੋਕੇ ਗੁਰੂ ਪ੍ਰਾਪਤ ਨਾਮ ਦੀ ਕਮਾਈ ਕਰਦੇ ਹੈਂ ਪਰ ਜੇ ਫੇਰ ਭੀ ਘੱਟ ਤੋਲਣਾ, ਠੱਗੀ, ਚੋਰੀ, ਝੂਠ ਤੋਂ ਸੰਕੋਚ ਨਹੀਂ ਕਰਦੇ ਫੇਰ ਉਪਰ ਪਹਿਲੀ ਸੂਚਨਾ ਦਾ ਕੀ ਮਤਲਬ ਹੋਇਆ?

ਇਸ ਲਈ ਪਰਮਪਦ ਦੀ ਪ੍ਰਾਪਤੀ ਲਈ ਇਹ ਦੋਨੋਂ ਸੂਚਨਾ ਜ਼ਰੂਰੀ ਹੈਂ ਤਾਂ ਜੋ ਗੁਰੂ ਜੀ ਮੇਹਰ ਕਰਨ।

## ਸਿਫਤ ਸਲਾਹ ਦੇ ਕੁਝ ਸ਼ਬਦ :

"ਤੂ ਠਾਕੁਰੁ ਤੁਮ ਪਹਿ ਅਰਦਾਸਿ।
ਜੀਉ ਪਿੰਡੁ ਸਭ ਤੇਰੀ ਰਾਸਿ।
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ।
ਕੋਇ ਨ ਜਾਨੈ ਤੁਮਰਾ ਅੰਤੁ।
ਊਚੇ ਤੇ ਊਚਾ ਭਗਵੰਤ।
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ।

ਤੁਮ ਤੇ ਹੋਇ ਸੁ ਆਗਿਆਕਾਰੀ।
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ।
ਨਾਨਕ ਦਾਸ ਸਦਾ ਕੁਰਬਾਨੀ।।੮।।੪।।"

(ਗਉੜੀ ਸੁਖਮਨੀ ਮ: ੫, ੪-੮, ਪੰਨਾ ੨੬੮)

"ਹੇ ਅਚੁਤ ਹੇ ਪ੍ਰਾਰਬਹਮ ਅਬਿਨਾਸੀ ਅਘਨਾਸ।
ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ।
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭੇ ਟੇਕ।
ਹੇ ਗੋਬਿਦ ਹੇ ਗੁਣਨਿਧਾਨ ਜਾ ਕੈ ਸਦਾ ਬਿਬੇਕ।
ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ।
ਹੇ ਸੰਤਹ ਕੇ ਸਦਾ ਸੰਗਿ ਨਿਧਾਰਾ ਆਧਾਰ।
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨ ਨਹੀਂ ਕੋਇ।
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।"

(ਗਉੜੀ ਬਾਵਨ ਅਖਰੀ, ਮ: ੫, ੫੫, ਪੰਨਾ ੨੬੧)

"ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ।
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।
ਤੂੰ ਮੇਰਾ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ।
ਤੁਮਰੀ ਕਿਰਪਾ ਤੇ ਤੁਧੁ ਪਛਾਣਾ।
ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ।
ਤੁਝ ਬਿਨੁ ਦੂਜਾ ਅਵਰ ਨ ਕੋਈ
ਸਭੁ ਤੇਰਾ ਖੇਲ ਅਖਾੜਾ ਜੀਉ।
ਜੀਅ ਜੰਤ ਸਭਿ ਤੁਧੁ ਉਪਾਏ।
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ।
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ।।
ਨਾਮੁ ਧਿਆਇ ਮਹਾ ਸੁਖੁ ਪਾਇਆ।
ਹਰਿਗੁਣ ਗਾਇ ਮੇਰਾ ਮਨੁ ਸੀਤਲਾਇਆ।
ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤ ਬਿਖਾੜਾ ਜੀਉ।"

(ਮਾਝ ਮਹਲਾ ੫, ਪੰਨਾ ੧੦੩)

"ਕ੍ਰਿਪਾਨਿਧਿ ਬਸਹੁ ਰਿਦੈ ਹਰਿ ਨੀਤ।
ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸਗਿ ਪ੍ਰੀਤਿ।ਰਹਾਉ।
ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ।
ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ।
ਆਗਿਆ ਤੁਮਰੀ ਮੀਠੀ ਲਾਗਉ ਕੀਉ ਤੁਹਾਰੋ ਭਾਉ।
ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ।
ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ।
ਸਾਧੂ ਸੰਗਤਿ ਹੋਇ ਪਰਾਪਤਿ ਤਾਂ ਪ੍ਰਭੁ ਅਪੁਨਾ ਲਹੀਐ।
ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ।
ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ।"

(ਟੋਡੀ ਮਹਲਾ ੫, ਪੰਨਾ ੭੧੨-੧੩)

"ਪ੍ਰਭ ਬਖਸੰਦ ਦੀਨ ਦਇਆਲ।
ਭਗਤਿ ਵਛਲ ਸਦਾ ਕਿਰਪਾਲ।
ਅਨਾਥ ਨਾਥ ਗੋਬਿੰਦ ਗੁਪਾਲ।
ਸਰਬ ਘਟਾ ਕਰਤ ਪ੍ਰਤਿਪਾਲ।
ਆਦਿ ਪੁਰਖ ਕਾਰਣ ਕਰਤਾਰ।
ਭਗਤ ਜਨਾਂ ਕੇ ਪ੍ਰਾਨ ਅਧਾਰ।

ਜੋ ਜੋ ਜਪੈ ਸੁ ਹੋਇ ਪੁਨੀਤ।
ਭਗਤਿ ਭਾਇ ਲਾਵੈ ਮਨ ਹੀਤ।
ਹਮ ਨਿਰਗੁਨੀਆਰ ਨੀਚ ਅਜਾਨ।
ਨਾਨਕ ਤੁਮਰੀ ਸਰਨਿ ਪੁਰਖ ਭਗਵਾਨ।"

(ਗਉੜੀ ਸੁਖਮਨੀ ਮਹਲਾ ੫, ੨੦-੭, ਪੰਨਾ ੨੯੦)

## ਤੀਰਥ ਯਾਤਰਾ—ਤੀਰਥਾਂ ਤੇ ਇਸ਼ਨਾਨ :

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਲੱਖਾਂ ਲੋਕਾਂ ਵਾਸਤੇ ਭਾਰਤੀ ਧਾਰਮਕ ਜੀਵਨ ਢੰਗ ਵਿੱਚ ਰੀਤਾਂ ਰਸਮਾਂ ਉਤੇ ਬਹੁਤ ਸਾਰਾ ਜ਼ੋਰ ਦਿੱਤਾ ਹੋਇਆ ਸੀ। ਗੁਰੂ ਨਾਨਕ ਦੇਵ ਜੀ ਜਿਥੇ ਜਿਥੇ ਵੀ ਗਏ ਉਨ੍ਹਾਂ ਨੇ ਲੋਕਾਂ ਨੂੰ ਉਹਨਾਂ ਦੇ ਵਹਿਮਾਂ ਭਰਮਾਂ ਅਤੇ ਅਗਿਆਨਤਾ ਦੇ ਸੰਗਲਾਂ (ਬੰਧਨਾਂ) ਤੋਂ ਛੁਟਕਾਰਾ ਦਿਵਾਉਣ ਅਤੇ ਸਭ ਪਾਸੇ ਰਵਿ ਰਹੇ ਨਿਰਾਕਾਰ ਅਕਾਲ ਪੁਰਖ ਵਿੱਚ ਸ਼ਰਧਾ ਦ੍ਰਿੜ੍ਹ ਕਰਾਉਣ ਦਾ ਜਤਨ ਕੀਤਾ। ਉਸ ਸਮੇਂ ਲਕੋਂ ਦਾ ਇਹ ਵੀ ਵਿਸ਼ਵਾਸ ਸੀ ਕਿ ਗੰਗਾ ਦਰਿਆ ਵਿੱਚ ਅਤੇ ਹੋਰ ਪਾਵਨ ਸਥਾਨਾਂ (ਤੀਰਥਾਂ) ਤੇ ਇਸ਼ਨਾਨ ਕਰਨਾ ਉਹਨਾਂ ਨੂੰ ਕੀਤੇ ਪਾਪਾਂ ਤੋਂ ਮੁਕਤ ਕਰਾ ਦੇਵੇਗਾ। ਗੁਰੂ ਜੀ ਨੇ ਉਹਨਾਂ ਨੂੰ ਜ਼ੋਰ ਦੇ ਕੇ ਸਮਝਾਇਆ ਕਿ ਤੀਰਥਾਂ ਤੇ ਕੇਵਲ ਇਸ਼ਨਾਨ ਕਰਨ ਨਾਲ ਹਉਮੈ ਦੀ ਮੈਲ ਨਾਲ ਛਾਨਣੀ ਹੋਇਆ ਮਨ ਨਹੀਂ ਧੋਤਾ ਜਾਵੇਗਾ।

"ਤੀਰਥ ਭਰਮਸ ਬਿਆਧ ਨ ਜਾਵੈ।
ਨਾਮ ਬਿਨਾ ਕੈਸੇ ਸੁਖੁ ਪਾਵੈ।

(ਰਾਮਕਲੀ ਮਹਲਾ ੧, ਪੰਨਾ ੯੦੬)

ਗੁਰੂ ਜੀ ਨੇ ਇਹ ਵੀ ਜ਼ੋਰ ਦਿਤਾ ਕਿ ਅਕਾਲ ਪੁਰਖ ਦੇ ਨਾਮ ਸਿਮਰਨ ਤੋਂ ਬਿਨਾਂ ਪੱਕੀ ਸ਼ਾਂਨਤੀ ਨਹੀਂ ਪ੍ਰਾਪਤ ਹੋ ਸਕਦੀ। ਨਾਮ ਦਾ ਸਿਮਰਨ ਹੀ ਸੱਚੀ ਤੀਰਥ ਯਾਤਰਾ ਹੈ :

"ਤੀਰਥਿ ਨਾਵਣ ਜਾਓਂ ਤੀਰਥ ਨਾਮੁ ਹੈ।
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।"

(ਧਨਾਸਰੀ ਮਹਲਾ ੧, ਪੰਨਾ ੬੮੭)

ਗੁਰੂ ਜੀ ਨੇ ਤਾਕੀਦ ਕੀਤੀ ਕਿ ਕੀਤੇ ਪਾਪਾਂ ਤੋਂ ਮੁਕਤ ਹੋਣ ਲਈ ਤੀਰਥਾਂ ਦੇ ਇਸ਼ਨਾਨ ਲਈ ਦੌੜਨਾ ਵਿਅਰਥ ਹੈ। ਗੁਰੂ ਨਾਨਕ ਦੇਵ ਜੀ ਦਾ ਜਪੁ ਜੀ ਵਿੱਚ ਵੀ ਫੁਰਮਾਨ ਹੈ ਕਿ ਪਾਵਨ ਤੀਰਥਾਂ ਉਤੇ ਇਸ਼ਨਾਨ ਤਾਂ ਕਰਾ ਜੇ ਇਸਤਰ੍ਹਾਂ ਕਰਨ ਨਾਲ ਅਕਾਲ ਪੁਰਖ ਪ੍ਰਸੰਨ ਹੁੰਦਾ ਹੋਵੇ। ਇਸ ਦਾ ਭਾਵ ਇਹ ਹੈ ਕਿ ਅਜੇਹੀਆਂ ਰਸਮਾਂ ਆਪਣੇ ਆਪ ਵਿੱਚ, ਬਿਨਾਂ ਸਦਾਚਾਰਕ ਜੀਵਨ ਬਣਾਏ, ਅਕਾਲ ਪੁਰਖ ਦੀ ਪ੍ਰਸੰਸਾ ਨਹੀਂ ਜਿਤ ਸਕਦੇ :

"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।"

(ਜਪੁਜੀ, ਪਉੜੀ ੬)

ਗੁਰੂ ਜੀ ਨੇ ਇੱਕ ਹੋਰ ਥਾਂ ਪੁੰਨ ਖੱਟਣ ਲਈ ਤੀਰਥਾਂ ਤੇ ਇਸ਼ਨਾਨ ਕਰਨ ਵਾਲਿਆਂ ਦੀ ਤੁਲਨਾ ਉਹਨਾਂ ਭਾਂਡਿਆਂ ਨਾਲ ਕੀਤੀ ਹੈ ਜਿਹਨਾਂ ਵਿੱਚ ਜ਼ਹਿਰ ਭਰੀ ਹੋਈ ਹੈ ਅਤੇ ਕੇਵਲ ਬਾਹਰੋਂ ਹੀ ਧੋਤੇ ਜਾਂਦੇ ਹਨ। ਇਸ ਦਾ ਭਾਵ ਇਹ ਹੈ ਕਿ ਇੱਕ ਮਨੁੱਖ ਦੇ ਅੰਦਰਲਾ ਪਾਪ ਬਾਹਰਲੀਆਂ ਰੀਤਾਂ ਰਸਮਾਂ ਕਰਨ ਨਾਲ ਨਹੀਂ ਦੂਰ ਕੀਤਾ ਜਾ ਸਕਦਾ।

## ਜਾਤ-ਪਾਤ ਅਤੇ ਸਮਾਜਕ ਬਰਾਬਰਤਾ :

ਉਸ ਸਮੇਂ ਜਦ ਸ਼੍ਰੇਣੀਆਂ ਦੇ ਭੇਦ-ਭਾਵ ਬਹੁਤ ਕਰਦੇ ਸਨ ਅਤੇ ਜਾਤ-ਪਾਤ ਦੇ ਸਿਲਸਿਲੇ ਦੀਆਂ ਬੰਦਸ਼ਾਂ ਨੇ ਭਾਰਤ ਵਿੱਚ ਲੋਕਾਂ ਨੂੰ ਬਿਲਕੁਲ ਵੰਡ ਰਖਿਆ ਸੀ, ਗੁਰੂ ਨਾਨਕ ਦੇਵ ਜੀ ਨੇ ਬਰਾਬਰਤਾ ਅਤੇ ਭਰੱਪਣਤਾ ਦਾ ਸਬਕ ਸਿਖਾਇਆ। ਗੁਰੂ ਜੀ ਨੇ ਰੀਤਾਂ ਤੇ ਰਸਮਾਂ, ਸੰਪਰਦਾਵਾਂ ਅਤੇ ਪਰੰਪਰਾਵਾਂ, ਸਭ ਕੌਮੀ ਅਤੇ ਨਸਲੀ ਧਰਮਾਂ ਤੋਂ ਉਪਰ ਉਠ ਕੇ ਪ੍ਰੇਮ ਭਰੀਆਂ ਕਰਨੀਆਂ ਦੀ ਕਲਪਨਾ ਕੀਤੀ।ਉਨ੍ਹਾਂ ਨੇ ਪ੍ਰੇਮ, ਕੁਰਬਾਨੀ ਅਤੇ ਸੇਵਾ ਦੇ ਧਰਮ ਦਾ ਪ੍ਰਚਾਰ ਕੀਤਾ। ਸਿੱਖ ਗੁਰੂ ਸਾਹਿਬਾਨ ਨੇ ਸਮਾਜਕ ਸੰਬੰਧਾਂ ਅਤੇ ਸੰਪਰਕ ਨੂੰ ਨਿਯਮਤ ਕਰਨ ਲਈ ਮਨੁੱਖਾਂ ਵਿੱਚ ਮੁਕੰਮਲ ਬਰਾਬਰੀ ਨੂੰ ਮੂਲਕ ਨੈਤਿਕ ਅਸੂਲ ਦਾ ਐਲਾਨ ਕੀਤਾ।

ਗੁਰੂ ਜੀ ਨੇ ਦੱਸਿਆ ਕਿ ਸਰੀਰਕ ਬਣਤਰ ਵਲੋਂ ਵੱਖ ਵੱਖ ਜਾਤੀਆਂ ਦੇ ਮਨੁੱਖਾਂ ਵਿੱਚ ਕੋਈ ਮੂਲਕ ਫਰਕ ਨਹੀਂ। ਕਬੀਰ ਜੀ ਨੇ ਬ੍ਰਾਹਮਣਾਂ ਨਾਲ ਇੱਕ ਵਿਵਾਦ ਸਮੇਂ ਪੁਛਿਆ :

''ਤੁਮ ਕਤ ਬ੍ਰਾਹਮਣ ਹਮ ਕਤ ਸੂਦ।
ਹਮ ਕਤ ਲੋਹੂ ਤੁਮ ਕਤ ਦੂਧ।''

(ਗਉੜੀ ਕਬੀਰ ਜੀ, ਪੰਨਾ ੩੨੪)

ਭਾਵਅਰਥ : ਤੂੰ ਕਿਸਤਰ੍ਹਾਂ ਬ੍ਰਾਹਮਣ ਹੈਂ ਅਤੇ ਮੈਂ ਸ਼ੂਦਰ ? ਕੀਹ ਮੇਰੀਆਂ ਨਾੜੀਆਂ ਵਿੱਚ ਲਹੂ ਹੈ ਅਤੇ ਤੇਰੀਆਂ ਵਿੱਚ ਦੁੱਧ ?

ਇਹ ਉਪਰਲੀਆਂ ਜਾਤਾਂ ਦੇ ਤਕਰਾਰ ਜਾਂ ਦਾਅਵੇ, ਕਿ ਵੱਖ ਵੱਖ ਜਾਤੀਆਂ ਦੇ ਮਨੁੱਖਾਂ ਵਿੱਚ ਸਰੀਰਕ ਫਰਕ ਹਨ, ਦੀ ਵਿਅਰਥਤਾ ਨੂੰ ਨੰਗਿਆਂ ਕਰਦਾ ਹੈ।

ਗੁਰੂ ਜੀ ਦੱਸਦੇ ਹਨ ਕਿ ਕੁਦਰਤ ਦੇ ਕਾਨੂੰਨ ਉਪਰਲੀਆਂ ਜਾਤਾਂ ਦੇ ਮਨੁੱਖਾਂ ਉਤੇ ਵੱਖਰੀ ਤਰ੍ਹਾਂ ਨਾਲ ਅਸਰ ਨਹੀਂ ਪਾਉਂਦੇ। ਕਿਉਂਕਿ ਕੁਦਰਤ ਉਪਰਲੀਆਂ ਜਾਤਾਂ ਦੇ ਮਨੁੱਖਾਂ ਦੇ ਪੱਖ ਵਿੱਚ ਉਹਨਾਂ ਦੀ ਉਤਮਤਾ ਸਮਝ ਕੇ ਕੋਈ ਵਿਤਕਰਾ ਨਹੀਂ ਕਰਦੀ। ਇਯ ਤੋਂ ਸਾਫ ਦਿਸਦਾ ਹੈ ਕਿ ਜਾਤਿ ਦੀ ਉਤਮਤਾ ਦਾ ਢਕੌਸਲਾ ਮਨੁੱਖ ਦਾ ਆਪ ਬਣਾਇਆ ਹੋਇਆ ਹੈ। ਗੁਰੂ ਜੀ ਦਾ ਫੁਰਮਾਨ ਹੈ :

''ਜਾਤੀ ਦੈ ਕਿਆ ਹਥਿ ਸਚੁ ਪਰਖੀਐ।
ਮਹੁਰਾ ਹੋਵੈ ਹਥਿ ਮਰੀਐ ਚਖੀਐ।''

(ਵਾਰ ਮਾਝ, ਮਹਲਾ ੧, ਪੰਨਾ ੧੪੨)

ਜਾਤ ਦੇ ਵਸ ਵਿੱਚ ਕੀ ਹੈ? ਸਚਾਈ ਪਰਖੀ ਜਾਣੀ ਹੈ। ਉਚੀ ਜਾਤੀ ਦਾ ਹੰਕਾਰ ਜਹਿਰ ਦੀ ਨਿਆਈ ਹੈ। ਜੋ ਭੀ ਜਹਿਰ ਨੂੰ ਖਾਏਗਾ, ਮਰ ਜਾਏਗਾ।

ਗੁਰੂ ਜੀ ਬੜੀ ਤੀਬਰਤਾ ਨਾਲ ਜਾਤਿ ਨੂੰ ਇੱਕ ਬੇਕਾਇਦਗੀ ਅਤੇ ਸਮਾਜਕ ਢੀਠਤਾ ਸਮਝਦੇ ਹਨ ਜਦ ਉਹ ਫੁਰਮਾਨ ਕਰਦੇ ਹਨ :

''ਚਾਰੇ ਵਰਨ ਆਖੈ ਸਭੁ ਕੋਈ।
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ।
ਮਾਟੀ ਏਕ ਸਗਲ ਸੰਸਾਰਾ।
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ।
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ।
ਘਟਿ ਵਧਿ ਕੋ ਕਰੈ ਬੀਚਾਰਾ।''

(ਰਾਗ ਭੈਰਉ ਮਹਲਾ ੩, ਪੰਨਾ ੧੧੨੮)

ਗੁਰੂ ਜੀ ਇਸ ਗੱਲ ਨੂੰ ਨਹੀਂ ਮੰਨਦੇ ਕਿ ਜਾਤਾਂ ਆਦਿ-ਕਾਲ ਤੋਂ ਹੀ ਪ੍ਰਚਲਤ ਸਨ :

''ਜਾਤਿ ਜਨਮੁ ਨਹੀ ਦੀਸੈ ਆਖੀ। ...

(ਤਦੋਂ ਨਾਂਹ ਕਿਤੇ ਕੋਈ ਉਚੀ ਨੀਵੀਂ ਜਾਤ ਸੀ ਨਾ ਕੋਈ ਕਿਸੇ ਜਾਤ ਵਿੱਚ ਜਨਮ ਲੈਂਦਾ ਅਖੀਂ ਦਿਸਦਾ ਸੀ)

ਵਰਨ ਭੇਖ ਨਹੀ ਬ੍ਰਹਮਣ ਖਤ੍ਰੀ।'' ...

(ਤਦੋਂ ਨਾਂਹ ਕੋਈ ਬ੍ਰਾਹਮਣ, ਖਤਰੀ ਵਰਨ ਸਨ)

(ਮਾਰੂ ਮਹਲਾ ੧, ਪੰਨਾ ੧੦੩੫-੩੬)

ਗੁਰੂ ਜੀ ਨੇ ਇਸ ਦਾਅਵੇ ਦਾ ਵੀ ਖੰਡਨ ਕੀਤਾ ਹੈ ਕਿ ਵੱਖ ਵੱਖ ਜਾਤਾਂ ਦੇ ਮਨੁੱਖ ਆਦਿ-ਕਾਲ ਦੇ ਮਨੁੱਖ (ਅਕਾਲ ਪੁਰਖ) ਦੇਸਰੀਰ ਦੇ ਵੱਖ ਵੱਖ ਹਿੱਸਿਆਂ ਵਿਚੋਂ ਉਤਪੰਨ ਹੋਏ ਸਨ :

''ਜਾਤਿ ਅਜਾਤਿ ਅਜੋਨੀ ਸੰਭਉ ...।
(ਜ਼ਾਤ ਉਸਦੀ ਇਹ ਹੈ ਕਿ ਜ਼ਾਤ ਰਹਿਤ ਹੈ)
... ਘਟਿ ਘਟਿ ਜੋਤਿ ਸਬਾਈ।''
(ਸਭ ਥਾਈਂ ਸਭ ਹਿਰਦਿਆਂ ਅੰਦਰ ਉਸਦੀ ਜੋਤਿ ਸਮਾਈ ਹੋਈ ਹੈ)

(ਸੋਰਠ ਮਹਲਾ ੧, ੧-੨, ਪੰਨਾ ੫੯੭)

ਇਸਤਰ੍ਹਾਂ ਗੁਰੂ ਜੀ ਨੇ ਸਮਾਜਕ ਨੈਤਿਕ-ਨਿਯਮ ਵਿੱਚ ਜਾਤਿ ਰੀਤ ਨੂੰ ਮਾਨਤਾ ਦੇਣ ਤੋਂ ਇਨਕਾਰ ਕੀਤਾ ਹੈ ਅਤੇ ਇਸ ਵਿਚਾਰ ਦੀ ਵੀ ਨਿਖੇਧੀ ਕੀਤੀ ਹੈ ਕਿ ਅਕਾਲ ਪੁਰਖ ਨੇ ਥੋੜੇ ਕੁ ਮਨੁੱਖਾਂ ਨੂੰ ਆਪਣੇ ਸਰੀਰ ਦੇ ਉਪਰਲੇ ਹਿੱਸੇ ਵਿਚੋਂ ਉਤਪੰਨ ਕਰਕੇ ਪੱਖਦਾਰੀ ਕੀਤੀ ਹੈ। (ਇਹ ਕੁਝ ਕੁ ਦਲੀਲਾਂ ਸਨ ਜੋ ਬ੍ਰਾਹਮਣ ਆਪਣੀ ਨੀਵੀਆਂ ਜਾਤਾਂ ਨਾਲੋਂ ਜਨਮ ਤੋਂ ਹੀ ਮਿਲੀ ਉਤਮਤਾ ਦੇ ਪੱਖ ਵਿੱਚ ਦਿੰਦੇ ਸਨ।)

ਅੰਤ ਵਿੱਚ, ਗੁਰੂ ਜੀ ਦਾ ਵਿਸ਼ਵਾਸ ਸੀ ਕਿ ਅਧਿਆਤਮਕ ਪ੍ਰਾਪਤੀ ਲਈ ਜਾਤ ਵਿਅਰਥ ਹੈ ਅਤੇ ਨੀਵੀਂ ਜਾਤ ਦੇ ਮਨੁੱਖਾਂ ਨੂੰ ਨਿਸਤਾਰਾ ਪਾਉਣ ਲਈ ਉਪਰਲੀ ਸ਼੍ਰੇਣੀ ਵਿੱਚ ਜਨਮ ਲੈਣ ਦੀ ਉਡੀਕ ਕਰਨ ਦੀ ਕੋਈ ਲੋੜ ਨਹੀਂ :

''ਤੁਮ੍ਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ ਪਵੀਛੇ।''

(ਤੇਰਾ ਜਨ ਚੰਗੀ ਮੰਦੀ ਭਾਵੇ ਕੋਈ ਜਾਤ ਦਾ ਹੋਵੇ, ਨਾਮ ਜਪ ਕੇ ਪਵਿਤਰ ਹੋ ਜਾਏਗਾ)

(ਬਸੰਤ ਮਹਲਾ ੪, ਪੰਨਾ ੧੧੭੮)

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸੇ ਵਿੱਚ ਜਾਤਿ ਵਿਵਰਜਤ ਹੋਣ ਦੀ ਘੋਸ਼ਣਾ ਕੀਤੀ। 'ਅਕਾਲ ਉਸਤਤ' ਵਿੱਚ ਉਹਨਾਂ ਦਾ ਫ਼ੁਰਮਾਨ ਹੈ ਕਿ ''ਜਾਤਿ ਜਾਂ ਵਰਨ ਦੇ ਧਾਰਨੀ ਹੋਣ ਦਾ ਕੋਈ ਵਿਚਾਰ ਨਹੀਂ ਕਰਨਾ।'' ਉਹ ਹੋਰ ਵੀ ਬਚਨ ਕਰਦੇ ਹਨ, ''ਮੈਂ ਕਿਸੇ ਧਰਮ ਦੇ ਵਿਹਾਰ ਨੂੰ ਗ੍ਰਹਿਣ ਨਹੀਂ ਕਰਾਂਗਾ। ਸਗੋਂ ਅਕਾਲ ਪੁਰਖ ਨਾਲ ਸੱਚੇ ਪ੍ਰੇਮ ਦੇ ਬੀਜ ਬੀਜਾਂਗਾ।'' ਖਾਲਸਾ ਪੰਥ ਸਾਜਣ ਵੇਲੇ ਪਹਿਲੇ ਪੰਜ ਪਿਆਰੇ ਵਖ ਵਖ ਜਾਤਾਂ ਦੇ ਸਨ। ਵੱਖ-ਵੱਖ ਜਾਤਾਂ ਦੇ ਵੱਖ-ਵੱਖ ਫ਼ਰਜ਼ਾਂ ਦੇ ਸਿਧਾਂਤ ਦੀ ਥਾਂ ਸਭ ਮਨੁੱਖਾਂ ਲਈ ਇਕੋ ਜੇਹੇ ਨੈਤਿਕ ਅਤੇ ਧਾਰਮਕ ਫ਼ਰਜ਼ ਦਿਤੇ ਗਏ। ਇਸਤਰ੍ਹਾਂ ਸਭ ਮਨੁੱਖਾਂ ਦੀ, ਖਾਲਸਾ ਪੰਥ ਵਿੱਚ ਸੁਤੰਤਰ ਤੌਰ ਤੇ ਸ੍ਵੈ-ਇੱਛਾ ਨਾਲ ਸ਼ਾਮਲ ਹੋਣ ਨਾਲ ਮੂਲਕ ਬਰਾਬਰੀ ਯਕੀਨੀ ਬਣਾ ਦਿੱਤੀ ਗਈ।

## ਸਮਾਜਕ ਬਰਾਬਰੀ :

ਜਾਤਾਂ ਦੇ ਸਿਲਸਿਲੇ ਵਿੱਚ ਜਨਮ ਵਾਂਗ ਧਨ-ਸੰਪਤੀ ਵੀ ਸਮਾਜਕ ਸ਼੍ਰੇਣੀਆਂ ਵਿੱਚ ਵੰਡ ਦਾ ਆਧਾਰ ਹੁੰਦਾ ਹੈ। ਪਰ ਸਿੱਖ ਧਰਮ ਵਿੱਚ ਧਨ-ਸੰਪਤੀ ਅਨੁਸਾਰ ਸ਼੍ਰੇਣੀਆਂ ਦੇ ਸੰਬੰਧ ਬਰਾਬਰੀ ਦੇ ਅਸੂਲ ਉਤੇ ਅਧਾਰਤ ਹਨ। ਸਿੱਖ ਧਰਮ ਇੱਕ ਸ਼੍ਰੇਣੀ ਦੀ ਚੰਗੇਰੀ ਆਰਥਕ ਅਵਸਥਾ ਕਾਰਨ ਦੂਜੀਆਂ ਸ਼੍ਰੇਣੀਆਂ ਨਾਲੋਂ ਉਤਮ ਹੋਣਾ ਨਹੀਂ ਸਵੀਕਾਰ ਕਰਦਾ। ਗੁਰੂ ਜੀ ਦਾ ਫ਼ੁਰਮਾਨ ਹੈ :

''ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ।
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ।''

(ਗਉੜੀ ਸੁਖਮਨੀ, ਮਹਲਾ ੫, ਪੰਨਾ ੨੭੨)

ਇਸਤਰ੍ਹਾਂ ਸਿੱਖ ਧਰਮ ਵਿੱਚ ਉਪਰਲੀਆਂ ਸ਼੍ਰੇਣੀਆਂ ਵਾਸਤੇ ਵਖਰੀ ਨਿਯਮਾਵਲੀ ਨਹੀਂ, ਸਗੋਂ ਸਭ ਮਨੁੱਖ, ਅਮੀਰ ਜਾਂ ਗਰੀਬ, ਇਕੋ ਜੇਹੇ ਨਿਆਂ, ਮੁੱਲ ਅਤੇ ਸਮਾਜਕ ਦਰਜੇ ਦੇ ਹੱਕਦਾਰ ਹਨ। ਜਿਵੇਂ ਮੌਤ ਊਚ ਨੀਚ ਦੇ ਫਰਕ ਨੂੰ ਬਰਾਬਰ ਕਰ ਦਿੰਦੀ ਹੈ, ਗੁਰੂ ਜੀ ਇਸ ਸੰਕਲਪ ਨੂੰ ਇਸਤਰ੍ਹਾਂ ਪ੍ਰਗਟ ਕਰਦੇ ਹਨ :

''ਰਾਜੇ ਰਾਇ ਰੰਕ ਨਹੀਂ ਰਹਣਾ ਆਇ  ਜਾਇ ਜੁਗ ਚਾਰੇ।''

(ਰਾਜੇ ਅਤੇ ਕੰਗਾਲ ਨੇ ਨਹੀਂ ਰਹਿਣਾ। ਉਹ ਚਾਰੇ ਯੁਗਾਂ ਅੰਦਰ ਆਉਂਦੇ ਤੇ ਜਾਂਦੇ ਰਹਿੰਦੇ ਹਨ)

(ਰਾਮਕਲੀ ਮਹਲਾ ੧, ਪੰਨਾ ੯੩੧)

ਇਸਲਈ ਸ਼੍ਰੇਣੀ ਦੀ ਉਤਮਤਾ ਦਾ ਖਿਆਲ ਜਗਤ ਬਾਰੇ ਗਲਤ ਸੰਕਲਪ ਉਤੇ ਅਧਾਰਤ ਹੈ। ਮਨੁਖਤਾ ਦੀ ਵਡਿਆਈ, ਬਿਨਾਂ ਅਮੀਰੀ ਗਰੀਬੀ ਦੀ ਵਿਚਾਰ ਕੀਤਿਆਂ, ਗੁਰੂ ਨਾਨਕ ਦੇਵ ਜੀ ਦੀ ਜੀਵਨੀ ਵਿੱਚ ਭਾਈ ਲਾਲੋ ਅਤੇ ਮਲਕ ਭਾਗੋ ਦੀ ਸਾਖੀ ਵਿੱਚ, ਸੋਹਣੀ ਦਰਸਾਈ ਹੈ। ਉਸ ਸਾਖੀ ਵਿੱਚ ਗੁਰੂ ਜੀ ਨੇ ਮਲਕ ਭਾਗੋ ਦੇ ਬਹੁਮੁੱਲੇ ਪਕਵਾਨਾਂ ਨਾਲੋਂ ਭਾਈ ਲਾਲੋ ਦੀ ਰੁਖੀ-ਸੁਕੀ ਰੋਟੀ ਨੂੰ ਚੰਗੇਰਾ ਜਾਣਕੇ ਪ੍ਰਵਾਨ ਕੀਤਾ। ਇਸ ਦਾ ਭਾਵ ਸੀ ਕਿ ਗਰੀਬਾਂ ਨੂੰ ਨੀਵੇਂ ਸਮਝ ਦੇ ਉਹਨਾਂ ਨਾਲ ਉਜੇਹਾ ਵਰਤਾਉ ਨਹੀਂ ਕਰਨਾ ਚਾਹੀਦਾ, ਸਗੋਂ ਸਭ ਨਾਲ, ਅਮੀਰੀ ਗਰੀਬੀ ਦਾ ਖਿਆਲ ਛਡ ਕੇ, ਇਕੋ ਜੇਹਾ ਵਰਤਾਉ ਕਰਨਾ ਜ਼ਰੂਰੀ ਹੈ।

## ਇਸਤਰੀਆਂ ਦਾ ਸਨਮਾਨ :

ਭਾਰਤ ਦੇ ਸਮਾਜ ਵਿੱਚ ਇਸਤਰੀਆਂ ਬਾਰੇ ਦ੍ਰਿਸ਼ਟਕੋਣ ਸਦਾ ਇਕੋ ਜਿਹਾ ਨਹੀਂ ਰਿਹਾ। ਜੇ ਕਦੇ ਕਦੇ ਇਸਤਰੀ ਨੂੰ ਬਹੁਤ ਉਚਾ ਦਰਜਾ ਦਿੱਤਾ ਗਿਆ ਤਾਂ ਇਤਿਹਾਸਕ ਅਤੇ ਧਾਰਮਕ ਗ੍ਰੰਥਾਂ ਵਿੱਚ ਅਜੇਹੀਆਂ ਮਿਸਾਲਾਂ ਵੀ ਹਨ ਜਦ ਇਸਤਰੀ ਨੂੰ ਘਟੀਆ ਦਰਜਾ ਦਿਤਾ ਗਿਆ। ਸਿੱਖ ਧਰਮ ਦੇ ਅਰੰਭ ਸਮੇਂ ਭਾਰਤੀ ਸਮਾਜ ਵਿੱਚ ਇਸਤਰੀਆਂ ਨੂੰ ਬਹੁਤ ਨੀਵਾਂ ਦਰਜਾ ਦਿਤਾ ਹੋਇਆ ਸੀ।

ਸਿੱਖ ਧਰਮ ਵਿੱਚ ਇੱਕ ਇਸਤਰੀ ਨੂੰ 'ਭਰਮਾਉਣ ਵਾਲੀ' ਜਾਂ 'ਪਤਿਤ ਕਰਨ ਵਾਲੀ' ਜਾਂ 'ਮਸ਼ੀਨ' ਸਮਝਣਾ ਬੇਅਕਲੀ ਹੈ। ਗੁਰੂ ਜੀ 'ਇਸਤਰੀ' ਨੂੰ ਸਦੀਵੀ ਆਤਮਕ ਸੁਖ ਦੇ ਪਰਮ ਟੀਚੇ ਨੂੰ ਪ੍ਰਾਪਤ ਕਰਨ ਦੇ ਰਾਹ ਵਿੱਚ ਇੱਕ ਰੁਕਾਵਟ ਨਹੀਂ ਸਮਝਦੇ। ਇਸ ਵਿਚਾਰ ਕਾਰਨ ਗੁਰੂ ਜੀ ਤਿਆਗ ਜਾਂ ਸੰਨਿਆਸ ਨੂੰ ਲੋੜੀਂਦਾ ਰਾਹ ਪ੍ਰਵਾਨ ਨਹੀਂ ਕਰਦੇ ਅਤੇ ਗ੍ਰਹਿਸਥੀ ਜੀਵਨ, ਜੇ ਸਤਵਾਦੀ ਢੰਗ ਨਾਲ ਜੀਵਿਆ ਜਾਵੇ, ਨੂੰ ਸੰਨਿਆਸੀ ਜੀਵਨ ਨਾਲੋਂ ਉਤਮ ਮੰਨਦੇ ਹਨ। ਗੁਰੂ ਜੀ ਲੋਕਾਂ ਨੂੰ ਇਸਤਰੀਆਂ ਦਾ ਸੰਕਲਪ ਦ੍ਰਿੜ ਕਰਾਉਂਦਿਆਂ, ਇਸ ਵਿਚਾਰ ਤੇ ਜ਼ੋਰ ਦਿੰਦੇ ਹਨ ਕਿ ਸਮਾਜ ਦੇ ਹਰ ਵਰਗ ਵਿੱਚ ਇਸਤਰੀ ਨੂੰ ਮਾਨਯੋਗ ਦਰਜਾ ਦਿਤਾ ਜਾਣਾ ਚਾਹੀਦਾ ਹੈ। ਗੁਰੂ ਜੀ ਨੇ ਨਿਸ਼ਚੇ ਪੂਰਵਕ ਬਚਨ ਕੀਤਾ ਕਿ ਇਸਤਰੀਆਂ ਪੁਰਸ਼ਾਂ ਨਾਲੋਂ ਕਦਾਚਿਤ ਘੱਟ ਨਹੀਂ :

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।"

(ਆਸਾ ਦੀ ਵਾਰ, ਮਹਲਾ ੧, ਪੰਨਾ ੪੭੩)

(ਅਰਥ : ਭੰਡ—ਇਸਤਰੀ; ਨਿੰਮੀਐ—ਗਰਭ ਵਿੱਚ ਪਲਣਾ; ਬੰਧਾਨ—ਸੰਸਾਰ ਦੇ ਸਬੰਧ)

ਇਹ ਘੋਸ਼ਣਾ ਸਪਸ਼ਟ ਤੌਰ ਤੇ ਦਰਸਾਉਂਦੀ ਹੈ ਕਿ ਸਿੱਖ ਧਰਮ ਵਿੱਚ ਇਸਤਰੀ ਨੂੰ ਉਚੇ ਮਾਨ ਆਦਰ ਵਾਲਾ ਦਰਜਾ ਦਿਤਾ ਗਿਆ। 'ਮਹਾਨ ਸੂਰਬੀਰਾਂ ਦੀ ਜਨਮ ਦਾਤੀ' ਇਸਤਰੀ ਨੂੰ ਮਨੁੱਖ ਜਾਤੀ ਦੀ ਦਰਜਾਬੰਦੀ ਵਿੱਚ ਸਭ ਤੋਂ ਉਚੀ ਥਾਂ ਤੇ ਰੱਖਿਆ ਗਿਆ ਹੈ।

ਸਿੱਖਾਂ ਦੀ ਰਹਿਤ ਮਰਿਆਦਾ ਵਿੱਚ ਬਹੁਤ ਸਾਰੀਆਂ ਮਨਾਹੀਆਂ ਅਨੈਤਿਕ ਰਿਵਾਜਾਂ ਦੀ ਨਿਖੇਧੀ ਨਾਲ ਸਬੰਧਤ ਹਨ, ਜਿਵੇਂ—(੧) ਲੜਕੀਆਂ ਨੂੰ ਮਾਰ ਦੇਣਾ, (੨) ਸਤੀ ਹੋਣਾ ਅਤੇ (੩) ਇਸਤਰੀਆਂ ਦਾ ਘੁੰਡ ਕੱਢਣਾ। ਭਾਰਤ ਵਿੱਚ ਪੁਰਾਤਨ ਸਮੇਂ, ਅਧਿਆਤਮਕ ਅਧਿਕਾਰ ਨਾਲ ਕਿਹਾ ਜਾਂਦਾ ਸੀ ਕਿ ਇੱਕ ਨੇਕ ਇਸਤਰੀ ਦਾ ਆਪਣੇ ਪਤੀ ਦੀ ਚਿਖਾ ਵਿੱਚ ਨਾਲ ਹੀ ਸੜ ਮਰਨਾ ਕੇਵਲ ਇਕੋ ਭਲਾ ਰਾਹ ਹੈ; ਅਜੇਹੀ ਇਸਤਰੀ ਨਾ ਕੇਵਲ ਸਵਰਗ ਵਿੱਚ ਆਪਣੇ ਪਤੀ ਨਾਲ ਸਦੀਵੀ ਸੁਖ ਮਾਣੇਗੀ, ਸਗੋਂ ਉਸ ਦਾ ਇਹ ਕਰਤਵ ਉਸ ਦੇ ਪਤੀ ਦੇ ਪਰਵਾਰ ਦੀਆਂ ਤਿੰਨ ਪੀੜ੍ਹੀਆਂ (ਉਸ ਦੇ ਮਾਤਾ ਅਤੇ ਪਿਤਾ, ਦੋਹਾਂ ਪਾਸਿਆਂ ਵਲੋਂ) ਦੇ ਪਾਪ ਧੋ ਦੇਵੇਗਾ।[੨]

ਗੁਰੂ ਅਮਰਦਾਸ ਜੀ ਨੇ ਸਤੀ ਦੀ ਰਸਮ ਵਿਰੁਧ ਬੜਾ ਜ਼ੋਰਦਾਰ ਸੰਘਰਸ਼ ਚਲਾਇਆ ਅਤੇ ਉਸ ਰਾਹੀਂ ਇਸਤਰੀਆਂ ਨੂੰ ਇਸ ਸਮਾਜਕ ਜਬਰ ਅਤੇ ਧਾਰਮਕ ਜ਼ੁਲਮ ਤੋਂ ਛੁਟਕਾਰਾ ਦਿਵਾਇਆ। ਗੁਰੂ ਜੀ ਨੇ ਘੋਸ਼ਣਾ ਕੀਤੀ ਕਿ,

"ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ।"

(ਰਾਗ ਸੂਹੀ, ਸਲੋਕ ਮਹਲਾ ੩, ਪੰਨਾ ੭੮੭)

ਇੱਕ ਸਭ ਤੋਂ ਵਧ ਉਘਾ ਸੁਧਾਰ ਸੀ ਇਸਤਰੀਆਂ ਦਾ ਬੰਧਨਾਂ ਤੋਂ ਛੁਟਕਾਰਾ। ਗੁਰੂ ਜੀ ਦੇ ਉਪਦੇਸ਼ਾਂ ਰਾਹੀ ਬਹੁਤ ਸਾਰੀਆਂ ਨੂੰ ਨਿਸਤਾਰਾ ਮਿਲ ਗਿਆ। ਸਿੱਖ ਧਰਮ ਵਿੱਚ ਵਿਧਵਾ ਵਿਆਹ ਦੀ ਵੀ ਖੁੱਲ੍ਹ ਹੇ ਜਿਸ ਨਾਲ ਇੱਕ ਵਿਧਵਾ ਜੇ ਚਾਹੇ ਤਾਂ ਮੁੜ ਵਸ ਸਕਦੀ ਹੈ।

## ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ :

## ਸੰਗਤ-ਧਰਮਾਤਮਾ ਲੋਕਾਂ ਦਾ ਸਮਾਜ :

ਸੰਗਤ ਦਾ ਭਾਵ ਹੈ ਇਕੱਠੇ ਹੋਣਾ ਅਥਵਾ ਰਲ ਬੈਠਣਾ, ਪਰ ਸਿੱਖ ਧਰਮ ਵਿੱਚ ਸੰਗਤ ਨੂੰ ਆਮ ਤੌਰ ਤੇ ਸਤਿਸੰਗਤ ਕਿਹਾ ਜਾਂਦਾ ਹੈ ਅਰਥਾਤ ਪਵਿਤਰ ਇਕੱਠ, ਜਿਸ ਦਾ ਭਾਵ ਸੱਚ ਦਾ ਘਰ ਜਿਥੇਲੋਕ ਅਕਾਲ ਪੁਰਖ ਨਾਲ ਪ੍ਰੇਮ ਕਰਦੇ ਅਤੇ ਉਸ ਵਿੱਚ ਲੀਨ ਹੋਣਾ ਸਿਖਦੇ ਹਨ :

"ਸਤਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮੁ ਵਖਾਣੀਐ।

(ਸਿਰੀ ਰਾਗ ਮਹਲਾ ੧, ਪੰਨਾ ੭੨)

ਫਿਰ ਚਉਥੇ ਪਾਤਸ਼ਾਹ, ਗੁਰੂ ਰਾਮਦਾਸ ਜੀ, ਵੀ ਸੰਗਤ ਦੇ ਲੱਛਣ ਦਸਦੇ ਹਨ :

"ਸਤਸੰਗਤਿ ਸਤਿਗੁਰ ਧੰਨੁ ਧੰਨੋ ਧੰਨ ਧੰਨ ਧਨੋ ਜਿਤ ਮਿਲਿ ਹਰਿ ਬੁਲਗ ਬੁਲੋਗੀਆ।"

(ਵਾਰ ਕਾਨੜਾ, ਮਹਲਾ ੪, ਪੰਨਾ ੧੩੧੩)

ਭਾਵ : ਸਤਸੰਗਤਿ ਸੱਚੇ ਗੁਰੂ ਦੀ ਪਾਠਸ਼ਾਲਾ ਹੈ ਜਿਥੇ ਅਸੀਂ ਅਕਾਲ ਪੁਰਖ ਨਾਲ ਪ੍ਰੇਮ ਕਰਨਾ ਅਤੇ ਉਸ ਦੀ ਮਹਾਨਤਾ ਦੀ ਸਿਫਤ-ਸਲਾਹ ਸਿਖਦੇ ਹਾਂ।

ਗੁਰੂ ਨਾਨਕ ਦੇਵ ਜੀ ਨੇ ਸੰਗਤਾਂ (ਧਾਰਮਕ ਸਭਾਵਾਂ) ਦੀ ਸਥਾਪਨਾ ਨੂੰ ਬਹੁਤ ਸਾਰਾ ਮਹੱਤਵ ਪ੍ਰਦਾਨ ਕੀਤਾ ਅਤੇ ਜਿਥੇ ਜਿਥੇ ਵੀ ਉਹ ਗਏ ਉਨ੍ਹਾਂ ਨੇ ਸੰਗਤ ਸਥਾਪਨ ਕਰਨ ਦਾ ਜਤਨ ਕੀਤਾ। ਗੁਰਬਾਣੀ ਅਤੇ ਸਤਸੰਗਤਿ ਹੀ ਕੇਵਲ ਦੋ ਸਾਧਨ ਸਨ ਜੋ ਗੁਰੂਜੀ ਨੇ ਲੋਕਾਂ ਨੂੰ ਖੁਦਗਰਜ਼ੀ (ਸੁਆਰਥ ਬੁਧੀ) ਅਤੇ ਮੰਦੀਆਂ ਲਾਲਸਾਵਾਂ ਤੋਂ ਹਟਾਉਣ ਅਤੇ ਅੰਤ ਵਿੱਚ ਉਹਨਾਂ ਦਾ ਨਿਸਤਾਰਾ ਕਰਾਉਣ ਅਤੇ ਅਕਾਲ ਪੁਰਖ ਨਾਲ ਜੋੜਨ ਲਈ ਵਰਤੇ :

"ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ।
ਗੁਰਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ।"

(ਸਾਰੰਗ ਕੀ ਵਾਰ, ਮ: ੪, ਪੰਨਾ ੧੨੪੪)

ਇਹ ਇੱਕ ਚੰਗਾ ਮੰਨਿਆ ਹੋਇਆ ਤਥ ਹੈ ਕਿ ਬਿਨਾ ਧਰਮਾਤਮਾ ਪੁਰਸ਼ਾਂ ਦੀ ਸੰਗਤ ਕੀਤੇ ਅਧਿਆਤਮਕ ਉਨਤੀ ਨਹੀਂ ਹੋ ਸਕਦੀ। ਸਤਿਸੰਗਤ ਹਉਮੈ ਦਾ ਨਾਸ ਕਰਨ ਦਾ ਸਾਧਨ ਅਤੇ ਮੰਦੀਆਂ ਲਾਲਸਾਵਾਂ ਤੋਂ ਛੁਟਕਾਰਾ ਪਾਉਣ ਲਈ ਸਹਾਈ ਹੈ :

"ਜਨਮ ਜਨਮ ਦੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ।
ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ ਸਬਦਿ ਗੁਰੂ ਹਰਿ ਪਾਵੈਗੋ।"

(ਕਾਨੜਾ ਮਹਲਾ ੪, ਪੰਨਾ ੧੩੦੯)

"ਏ ਸਾਜਨ ਕਛੁ ਕਕਹੁ ਉਪਾਇਆ।
ਜਾ ਤੇ ਤਰਉ ਬਿਖਮ ਇਹ ਮਾਇਆ।
ਕਹਿ ਕਿਰਪਾ ਸਤਸੰਗਿ ਮਿਲਾਏ।
ਨਾਨਕ ਤਾ ਕੈ ਨਿਕਟਿ ਨ ਮਾਏ।"

(ਬਾਵਨ ਅੱਖਰੀ ਮਹਲਾ ੫, ਪੰਨਾ ੨੫੧)

ਜਿਥੇ ਜਿਥੇ ਵੀ ਗੁਰੂ ਨਾਨਕ ਦੇਵ ਜੀ ਗਏ, ਸਿੱਖਾਂ ਨੇ ਗੁਰਦੁਆਰਾ ਬਣਾਇਆ ਅਤੇ ਉਥੇ ਹਰ ਰੋਜ਼ ਮਿਲ ਬੈਠਦੇ ਅਤੇ ਬਾਕਾਇਦਾ ਸੰਗਤ ਕਾਇਮ ਕਰ ਲਈ। ਤੀਜੇ ਪਾਤਸ਼ਾਹ, ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਇਹ ਅਨੁਭਵ ਹੋਇਆ ਕਿ ਸਿੱਖਾਂ ਕੋਲ ਆਪਣੇ ਧਰਮ ਅਸਥਾਨ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਚੱਕ ਰਾਮਦਾਸ ਨਗਰ ਦੀ ਨੀਂਹ ਰਖੀ,ਜਿਸਦਾ ਪਿਛੋਂ ਜਾ ਕੇ ਵਰਤਮਾਨ ਨਾਮ ਅੰਮ੍ਰਿਤਸਰ ਹੋਇਆ, ਅਤੇ ਗੁਰੂ ਜੀ ਨੇ ਗੋਇੰਦਵਾਲ ਵਿੱਚ ਇੱਕ ਬਾਵਲੀ ਵੀ ਬਣਵਾਈ। ਚੌਥੇ ਅਤੇ ਪੰਜਵੇਂ ਗੁਰੂ ਸਾਹਿਬਾਨ ਨੇ ਵੀ ਆਪਣੇ ਸਿੱਖਾਂ ਵਾਸਤੇ ਨਵੇਂ ਧਾਰਮਕ ਕੇਂਦਰ ਸਥਾਪਤ ਕਰਨ ਵਿੱਚ ਬਹੁਤ ਹੀ ਦਿਲਚਸਪੀ ਲਈ, ਜਿਵੇਂ ਅੰਮ੍ਰਿਤਸਰ, ਕਰਤਾਰਪੁਰ, ਆਦਿ ਸ਼ਹਿਰ। ਇਹ ਧਾਰਮਕ ਕੇਂਦਰ ਵਿਕਾਸ ਕਰ ਰਹੇ ਸਿੱਖ ਸਮਾਜ ਨੂੰ ਪੱਕੀ ਤਰ੍ਹਾਂ ਸੰਗਠਤ ਕਰਨ ਲਈ ਭਾਰੀ ਸਾਧਨ ਬਣ ਗਏ। ਦੂਰੋਂ ਨੇੜਿਓਂ ਸਿੱਖ ਸੰਗਤਾਂ ਇਹਨਾਂ ਕੇਂਦਰਾਂ ਦੀ ਯਾਤਰਾ ਕਰਨ ਆਉਂਦੀਆਂ ਜਿਸ ਰਾਹੀਂ ਉਹਨਾਂ ਨੂੰ ਨਾ ਕੇਵਲ ਪਾਵਨ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਉਹਨ੍ਹਾਂ ਤੋਂ ਮਿਹਰ ਪ੍ਰਾਪਤ ਕਰਨ ਦਾ ਮੌਕਾ ਮਿਲਦਾ ਸਗੋਂ ਇੱਕ ਦੂਜੇ ਨਾਲ ਨਿਕਟੀ ਸੰਪਰਕ ਵੀ ਹੋ ਜਾਂਦਾ। ਯਾਤਰਾ ਤੇ ਆਏ ਗੁਰਸਿਖਾਂ ਨੂੰ ਮੁਫਤ ਰਿਹਾਇਸ਼ ਅਤੇ ਭੋਜਨ ਦਿਤੇ ਜਾਂਦੇ। ਇਹਨਾਂ ਦੇ ਨਿਤਕਰਮ ਵਿੱਚ ਸਿਮਰਨ ਅਤੇ ਸੇਵਾ ਦੋ ਪ੍ਰਮੁੱਖ ਰੁਝੇਵੇਂ ਸਨ। ਇਹਨਾਂ ਦੇ ਨਿਕਟੀ ਸੰਪਰਕ ਇੱਕ ਚੰਗੀ ਤਰ੍ਹਾਂ ਸੰਗਠਤ ਸਿੱਖ ਜਥੇਬੰਦੀ ਦਾ ਆਧਾਰ ਬਣੇ।

ਸਿੱਖ ਧਰਮ ਨੂੰ ਸੰਗਠਤ ਕਰਨ ਦੇ ਕਾਰਜ ਦੇ ਨਾਲ ਨਾਲ ਇਸ ਦੇ ਅਨੁਯਾਈਆਂ ਦੀ ਗਿਣਤੀ ਵਿੱਚ ਵਾਧਾ ਵੀ ਹੁੰਦਾ ਗਿਆ।ਗੁਰੂ ਅਮਰਦਾਸ ਜੀ ਦੇ ਸਮੇਂ ਬਾਈ ਮੰਜੀਆਂ ਅਤੇ ਬਵੰਜਾ ਪੀੜ੍ਹੀਆਂ ਸਨ, ਜੋ ਦੇਸ ਵਿੱਚ ਸਿੱਖ ਧਰਮ ਦੇ ਪ੍ਰਚਾਰ ਦੇ ਵੱਡੇ ਛੋਟੇ ਕੇਂਦਰ ਸਨ। ਚੌਥੇ ਪਾਤਸ਼ਾਹ, ਗੁਰੂ ਰਾਮਦਾਸ ਜੀ ਨੇ ਪ੍ਰਚਾਰਕਾਂ ਦਾ ਇੱਕ ਨਵਾਂ ਸਿਲਸਿਲਾ ਅਰੰਭ ਕੀਤਾ,ਜਿਹਨਾਂ ਨੂੰ ਮਸੰਦ ਕਹਿੰਦੇ ਸੀ। ਇਸ ਨਵੇਂ ਸਿਲਸਿਲੇ ਨੂੰ ਪੰਜਵੇਂ ਗੁਰੂ ਜੀਨੇ ਮੁੜ ਸੰਗਠਤ ਅਤੇ ਵਿਸਤਾਰਤ ਕੀਤਾ। ਦੇਸ ਵਿੱਚ ਨਵੀਆਂ ਸਿੱਖ ਸੰਗਤਾਂ ਦੀ ਗਿਣਤੀ ਹਰ ਵੱਡੀ ਹੋ ਜਾਣ ਕਰਕੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰਨ ਲਈ ਚਰਨ ਪਾਹੁਲ ਦੀ ਮਰਿਆਦਾ ਨੀਯਤ ਪ੍ਰਚਾਰਕਾਂ ਦੇ ਗੋਚਰੇ ਕਰ ਦਿਤੀ ਗਈ। ਭਾਵੇਂ ਆਦਰਸ਼ਕ ਚਰਨ ਪਾਹੁਲ ਦੀ ਮਰਿਆਦਾ ਗੁਰੂ ਜੀ ਦੀ ਆਪਣੀ ਰਾਹੀਂ ਸੀ ਪਰ ਕਿਉਂਕਿ ਗੁਰੂ ਜੀ ਦਾ ਸਭ ਥਾਈਂ ਪਹੁੰਚਣਾ ਸੰਭਵ ਨਹੀਂ ਸੀ, ਇਸ ਦਾ ਅਧਿਕਾਰ ਸਥਾਨ ਪ੍ਰਚਾਰਕਾਂ ਨੂੰ ਸੌਂਪਿਆ ਗਿਆ। ਇਹਨਾਂ ਉਪਰਾਲਿਆਂ ਦੇ ਫਲਸਰੂਪ ਸਿਖੀ ਵਿੱਚ ਪ੍ਰਵੇਸ਼ ਕੀਤੇ ਲੋਕਾਂ ਵਿੱਚ ਬੁਹੁਗਿਣਤੀ ਵਪਾਰਕ ਸ਼੍ਰੇਣੀਆਂ ਦੇ ਲੋਕਾਂ ਦੀ ਸੀ

ਜੋ ਬਹੁਤੇ ਸ਼ਹਿਰਾਂ ਵਿੱਚ ਵਸਦੇ ਸਨ।ਗੁਰੂ ਅਰਜਨ ਦੇਵ ਜੀ ਦੇ ਸਮੇਂ ਇਹ ਲਹਿਰ ਪੇਂਡੂ ਇਲਾਕਿਆਂ ਵਿੱਚ ਵੀ ਲੋਕਪ੍ਰਿਅ ਹੋ ਗਈ, ਜਿਸ ਦੇ ਨਾਲ ਮਾਝੇ ਦੇ ਜੱਟਾਂ ਦੀ ਭਾਰੀ ਗਿਣਤੀ ਨੇ ਸਿੱਖ ਧਰਮ ਅਪਨਾ ਲਿਆ।

ਕਿਸੇ ਸ਼ਹਿਰ ਦੀ ਸਫਲਤਾ ਲਈ ਆਰਥਕ ਸਾਧਨ ਸਭ ਤੋਂ ਵਧ ਜ਼ਰੂਰੀ ਹੁੰਦੇ ਹਨ। ਸ਼ੁਰੂ ਵਿੱਚ ਸ਼ਰਧਾਲੂਆਂ ਵਲੋਂ ਆਪਦੇ ਆਪ ਆਈਆਂ ਭੇਟਾਵਾਂ ਕਾਫੀਸਨ। ਪਰ ਜਦ ਵੱਡੀਆਂ ਯੋਜਨਾਵਾਂ ਹੱਥਾਂ ਵਿੱਚ ਲਈਆਂ ਗਈਆਂ ਤਾਂ ਪ੍ਰਚਲਤ ਸਾਧਨ ਕਾਫੀ ਨਹੀਂ ਸਨ। ਸੋ ਇਸ ਸਥਿਤੀ ਨਾਲ ਨਜਿਠਣ ਲਈ, ਮਸੰਦਾਂ ਦੀ ਜ਼ੁੰਮੇਵਾਰੀ ਨ ਕੇਵਲ ਸਿੱਖ ਧਰਮ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਹੀ ਸੀ,ਸਗੋਂ ਸ਼ਰਧਾਲੂਆਂ ਕੋਲੋਂ ਭੇਟਾਵਾਂ ਇਕੱਠੀਆਂ ਕਰਕੇਗੁਰੂ ਜੀ ਦੇ ਪ੍ਰਮੁਖ ਅਸਥਾਨ ਤੇ ਪੁਚਾਉਣਾ ਵੀ ਨੀਯਤ ਕਰ ਦਿੱਤੀ।

ਬਿਲਕੁਲ ਸ਼ੁਰੂ ਵਿੱਚ ਸਿੱਖ ਸੰਗਤ, ਸ਼ਰਧਾਲੂਆਂ ਦਾ ਕੇਵਲ ਇੱਕ ਧਾਰਮਕ ਇਕੱਠ ਹੀ ਸੀ ਜੋ ਥੋੜਾ ਬਹੁਤ ਵੱਖਰਾ ਰਹਿੰਦਾ ਆਪਣੇ ਕਾਰਜ ਕਰਦਾ ਸੀ। ਹੋਲੀ ਹੋਲੀ ਇਸ ਦੇ ਕਾਰਜਾਂ ਵਿੱਚ ਵਾਧਾ ਹੋ ਗਿਆ। ਗੁਰਬਾਣੀ ਦੇ ਉਤਾਰੇ ਤਿਆਰ ਕਰਨੇ, ਕੁਝ ਧਾਰਮਕ ਕੇਂਦਰਾਂ ਦਾ ਨਿਰਮਾਣ ਕਰਨਾ, ਮੰਜੀਆਂ ਅਤੇ ਮਸੰਦਾਂ ਦਾ ਕੇਂਦਰੀ ਅਗਵਾਈ ਅਧੀਨ ਏਜੰਸੀਆਂ ਦੇ ਤੌਰ ਤੇ ਸੰਸਥਾਨ ਅਤੇ ਗੁਰੂ ਜੀ ਦੀ ਸਵਰਉਚਤਾ ਦੇ ਅਸੂਲ ਨੂੰ ਦ੍ਰਿੜ ਕਰਨਾ ਇਹ ਸਾਰੇ ਪੱਖ ਇੱਕ ਨੂੰ ਦੂਜੇ ਨਾਲ ਜੋੜਨ ਲਈ ਸਾਂਝੀਆਂ ਕੜੀਆਂ ਸਨ। ਇਸਲਈ ਇੱਕ ਦੂਜੇ ਤੋਂ ਵੱਖਰਾ ਰਹਿਣਾ ਘੱਟ ਹੋ ਗਿਆ। ਇਹ ਲਹਿਰ ਨਿਰੰਤਰ ਚਲਦੀ ਸਿਖਰ ਖਾਲਸੇ ਦੀ ਸਾਜਣਾਂ ਤਕ ਪਹੁੰਚੀ ਜਿਸ ਦਾ ਟੀਚਾ ਭਗਤੀ ਅਤੇ ਸ਼ਕਤੀ, ਨੈਤਿਕ ਅਤੇ ਅਧਿਆਤਮਕ ਉਤਮਤਾ ਅਤੇ ਸਰਵ-ਉਚ ਦਰਜੇ ਦੀ ਚੰਗੀ ਬਹਾਦਰੀ, ਅਰਥਾਤ ਸੂਰਬੀਰਤਾ ਦੇ ਆਦਰਸ਼ਾਂ ਦਾ ਚੰਗਾ ਸੰਤੁਲਤ ਸੁਮੇਲ ਸੀ। ਜੋਤਿ ਜੋਤਿ ਸਮਾਉਣ ਤੋਂ ਇੱਕ ਦਿਨ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਤਿਹਾਸਕ ਘੋਸ਼ਣਾ ਕੀਤੀ ਜਿਸ ਰਾਹੀਂ ਵਿਅਕਤੀਗਤ ਗੁਰੂ ਦੀ ਲੜੀ ਦੀ ਸਮਾਪਤੀ ਕਰ ਦਿਤੀ ਅਤੇ ਸੋਚ-ਵਿਚਾਰ ਦਾ ਅਧਿਕਾਰ ਖਾਲਸੇ ਨੂੰ ਬਖਸ਼ ਦਿਤਾ। ਖਾਲਸੇ ਦੀ ਸਾਜਣਾ ਨਾਲ ਅਧ-ਸੰਗਤਠ ਸਗਤਾਂ ਦਾ ਤਾਣਾ-ਬਾਣਾ ਪੂਰੀ ਤਰ੍ਹਾਂ ਸੰਗਠਤ ਹੋ ਗਿਆ। ਖਾਲਸੇ ਨੂੰ ਸਰਵ-ਉਚ ਦੀ ਬਖਸ਼ਿਸ਼ ਨਾਲ ਢਾਈ ਕੁ ਸਦੀਆਂ ਦੀ ਲੰਮੀ ਪ੍ਰਕਿਰਿਆ ਸੰਪੂਰਨ ਹੋਈ।

ਕੋਈ ਵੀ ਜਾਤ, ਮੱਤ ਅਤੇ ਦੇਸ਼ ਦੇ ਭੇਦਭਾਵ ਦੇ ਵਿਚਾਰ ਦੀ ਪ੍ਰਵਾਹ ਕੀਤੇ ਬਿਨਾਂ ਸੰਗਤ ਵਿੱਚ ਪ੍ਰਵੇਸ਼ ਕਰ ਸਕਦਾ ਹੈ। ਸਿੱਖ ਜਾਂ ਅਨਸਿਖ ਸ਼ਰਧਾਲੂ ਪੂਜਾ ਪਾਠ, ਆਦਿ ਸਾਰੇ ਕਾਰਜ ਕਰ ਸਕਦਾ ਹੈ, ਸਿਵਾ ਅੰਮ੍ਰਿਤ ਛਕਾਉਣ ਦੇ ਕਾਰਜਾਂ ਤੋਂ, ਜੋ ਕੇਵਲ ਸਥਾਪਤ ਖਾਲਸਾ, ਜਿਸ ਨੇ ਸਿੱਖ ਧਰਮ ਦੇ ਆਦਰਸ਼ਾਂ ਅਨੁਸਾਰ ਜੀਵਨ ਬਣਾਇਆ ਹੋਇਆ ਹੈ,ਹੀ ਕਰ ਸਕਦਾ ਹੈ। ਸੰਗਤ ਭਜਨ ਬੰਦਗੀ ਕਰਨ ਵਾਲਿਆਂ ਦਾ ਕੇਵਲ ਇਕੱਠ ਹੀ ਨਹੀਂ, ਨਾ ਹੀ ਆਪਣੀ ਮੁਕਤੀ ਅਤੇ ਸੁਖ ਅਨੰਦ ਭਾਣ ਦੀ ਥਾਂ ਹੈ, ਸਗੋਂ ਇਹ ਪੂਰਨ ਤੌਰ ਤੇ ਸੰਗੀਆਂ ਅਤੇ ਸਮਾਜ ਦੇ ਜੀਵਨ ਨੂੰ ਇੱਕ ਸਿਰਜਣਾਤਮਕ ਉਦੇਸ਼ਪੂਰਨ ਨਵੀਂ ਦਿਸ਼ਾ ਦੇਣ ਦਾ ਸਮਰਥਨ ਕਰਦੀ ਆਈ ਹੈ। ਸੰਗਤ ਦਾ ਮਹੱਤਵ ਐਨਾ ਉਚਾ ਗਿਣਿਆ ਗਿਆ ਹੈ ਕਿ ਗੁਰੂ ਜੀ ਆਪ ਵੀ ਸੰਗਤ ਦੇ ਫੈਸਲਿਆਂ ਨੂੰ ਸਵੀਕਾਰ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ ਦਾ ਵਿਆਹ ਚੰਦੂ ਦੀ ਸਪੁੱਤਰੀ ਨਾਲ ਕਰਾਉਣ ਦਾ ਨਾਂਹ ਕਰ ਦਿਤੀ ਸੀ ਕਿਉਂਕਿ ਸੰਗਤ ਨੇ ਇਸ ਨਾਤੇ ਦੇ ਵਿਰੁਧ ਫੈਸਲਾ ਦਿਤਾ ਸੀ। ਸੰਗਤ ਅਕਾਰ ਵਿੱਚ ਛੋਟੀ ਹੁੰਦੀ ਹੋਵੇ ਪਰ ਸੰਪੂਰਨ ਤੌਰ ਤੇ ਇਯ ਨੂੰ ਪੰਥ ਦਾ ਨਾਮ ਦਿਤਾ ਗਿਆ ਹੈ।

## ਪੰਗਤ - ਗੁਰੂ ਕਾ ਲੰਗਰ :

ਦੂਜੀ ਪ੍ਰਥਾ, ਪੰਗਤ ਅਰਥਾਤ ਲੰਗਰ, ਸੰਗਤ ਦੀ ਸੰਸਥਾ ਦੇ ਤਕਰੀਬਨ ਨਾਲ ਨਾਲ ਹੀ ਸਥਾਪਤ ਹੋਈ ਸੀ। ਇਸ ਦਾ ਅਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ ਅਤੇ ਇਸ ਨੂੰ ਪੱਕਾ ਤਐ ਇਸ ਵਿੱਚ ਵਾਧੇ ਦਾ ਕਾਰਜ ਤੀਜੇ ਪਾਤਸ਼ਾਹ, ਗੁਰੂ ਅਮਰਦਾਸ ਜੀ ਨੇ ਕੀਤਾ ਸੀ। ਲੰਗਰ ਦੇ ਨਿਯਮਾਂ ਅਨੁਸਾਰ ਸਭ ਨੂੰ ਇਕੋ ਪੰਗਤ ਵਿੱਚ ਬੈਠ ਕੇ ਇਕੋ ਹੀ ਭੋਜਨ ਛਕਣਾਹੈ ਅਤੇ ਉਚੇ ਜਾਂ ਨੀਵੇਂ, ਅਮੀਰ ਜਾਂ ਗਰੀਬ, ਅਤੇ ਰਾਜੇ ਜਾਂ ਕਿਸਾਨ ਦਾ ਕੋਈ ਵਿਤਕਰਾ ਨਹੀਂ ਹੋਵੇਗਾ। ਗੁਰੂ ਅਮਰਦਾਸ ਜੀ ਦਾ ਹੁਕਮ ਸੀ ਕਿ ਕੋਈ ਵੀ ਲੰਗਰ ਛਕੇ ਬਿਨਾ ਉਨ੍ਹਾਂ ਦੇ ਦਰਸ਼ਨ ਨਹੀਂ ਕਰ ਸਕੇਗਾ। ਜਦ ਹਰੀਪੁਰ ਦਾ ਰਾਜਾ ਜਾਂ ਬਾਦਸ਼ਾਹ ਅਕਬਰ ਵੀ ਗੁਰੂ ਜੀ ਨੂੰ ਮਿਲਣ ਆਏ ਉਹਨਾਂ ਨੂੰ ਵੀ ਆਮ ਲੋਕਾਂ ਨਾਲ ਇਕੋ ਪੰਗਤ ਵਿੱਚ ਬੈਠ ਕੇ ਇਕੱਠੇ ਭੋਜਨ ਛਕਣਾ ਪਿਆ, ਤਦ ਹੀ ਗੁਰੂ ਜੀ ਨੇ ਉਹਨਾਂ ਨੂੰ ਦਰਸ਼ਨ ਦੇਣਾ ਪ੍ਰਵਾਨ ਕੀਤਾ। ਇਸਤਰ੍ਹਾਂ ਲੋਕਾਂ ਨੂੰ ਆਪਣੇ ਸਮਾਜਕ ਭਰਮ ਤਿਆਗ ਦੇਣ ਲਈ ਤਿਆਰ ਕੀਤਾ ਗਿਆ। ਲੰਗਰ ਦੀ ਸੰਸਥਾ ਨੇ ਸਮਾਜਕ ਸੰਗਠਨ ਦਾ ਸਾਧਨ ਬਨਣ ਦਾ ਕਾਰਜ ਕੀਤਾ।

ਪੰਗਤ ਦੀ ਪ੍ਰਥਾ ਨੇ ਸੰਗਤ ਨੂੰ ਇੱਕ ਧਰਮ ਨਿਰਪੇਖਤਾ ਦਾ ਪੱਖ ਵੀ ਪ੍ਰਦਾਨ ਕੀਤਾ। ਸਭ ਤੋਂ ਵੱਧ ਮਹੱਤਵ ਵਾਲੀ ਅਸਵਥਾ ਇਹ ਸੀ ਕਿ ਇਸ ਨੇ ਗੁਰਬਾਣੀ ਦੇ ਅਸੂਲ ਨੂੰ ਅਮਲ ਵਿੱਚ ਲੈਆਂਦਾ ਸੀ ਅਤੇ ਇਹ ਸਿੱਖ

ਧਰਮ ਦੇ ਅਨੁਯਾਈਆਂ ਨੂੰ ਪੱਕੀ ਤਰ੍ਹਾਂ ਜੋੜਨ ਦਾ ਸਾਧਨ ਵੀ ਬਣਿਆ। ਇਹ ਪ੍ਰਥਾ ਛੂਤ-ਛਾਤ ਦੀ ਅਨੈਤਿਕ ਰੀਤ ਵਿਰੁਧ ਆੜ ਵੀ ਪ੍ਰਦਾਨ ਕਰਦੀ ਹੈ।

ਇਹ ਸੰਸਥਾ ਕਿਸੇ ਖਾਸ ਵਿਅਕਤੀ ਜਾਂ ਸ਼੍ਰੇਣੀ ਦੀ ਸਹਾਇਤਾ ਨਾਲ ਨਹੀਂ ਸਗੋਂ ਸਭ ਦੇ ਯੋਗਦਾਨ ਨਾਲ ਚਲਾਈ ਜਾਂਦੀ ਹੈ। ਲੰਗਰ, ਜਿਥੇ ਰਾਜਾ ਅਤੇ ਕਿਸਾਨ ਇਕੱਠੇ ਪ੍ਰਸ਼ਾਦਾ ਛਕਦੇ ਹਨ, ਨੇ ਇੱਕ ਵੱਡੀ ਪਧਰ ਦਾ ਪਰਉਪਕਾਰ ਦਾ ਵਿਚਾਰ ਉਤਪੰਨ ਕੀਤਾ ਅਤੇ ਸਭ ਨੂੰ ਜੋੜਨ ਦਾ ਸ਼ਕਤੀਸ਼ਾਲੀ ਸਾਧਨ ਬਣਿਆ।

## ਸਰਵ ਵਿਆਪਕ ਭਰੱਪਣਤਾ (ਭਰਾਤਰੀਭਾਵ) :

ਸਮਾਜਕ ਬਰਾਬਰੀ ਦਾ ਆਦਰਸ਼ ਸਿੱਖ ਧਰਮ ਦੀ ਨੈਤਕਤਾ ਦਾ ਅੰਤਲਾ ਉਦੇਸ਼ ਨਹੀਂ। ਬਰਾਬਰੀ ਇੱਕ ਦੂਜੇ ਨਾਲ ਪ੍ਰੇਮ ਜਾਂ ਆਦਰ ਮਹਿਸੂਸ ਕੀਤੇ ਬਿਨਾਂ ਵੀ ਕਾਇਮ ਰੱਖੀ ਜਾ ਸਕਦੀ ਹੈ, ਪਰ ਅਜੇਹੀ ਖਾਲੀ ਬਰਾਬਰੀ ਕਾਫੀ ਨਹੀਂ ਹੋਵੇਗੀ ਕਿਉਂਕਿ ਇਹ ਮਾਨਵਵਾਦੀ ਸਦਾਚਾਰ ਦੇ ਆਦਰਸ਼ ਅਨੁਸਾਰ ਨਹੀਂ। ਸੋ ਸੰਪੂਰਨ ਬਰਾਬਰੀ ਬਨਾਉਣ ਲਈ ਇਹ ਮਨੁਖਤਾ ਦੀ ਆਤਮਕ ਸਮਰੂਪਤਾ ਦੇ ਵਿਚਾਰ ਨਾਲ ਭਰਪੂਰ ਹੋਣੀ ਚਾਹੀਦੀ ਹੈ। ਗੁਰੂ ਜੀ ਦਾ ਫੁਰਮਾਨ ਹੈ :

"ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿਗੇ।
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ।
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ।
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ।
ਤੈਸੇ ਬਿਸੁ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜ ਸਭੈ ਤਾਹੀ ਮੈ ਸਮਾਹਿਗੇ।"

(ਗੁਰੂ ਗੋਬਿੰਦ ਸਿੰਘ ਜੀ, ਅਕਾਲ ਉਸਤਤ)

ਇਸਦਾ ਭਾਵ ਹੈ ਕਿ ਹਰੇਕ ਮਨੁੱਖ ਨਾਲ ਇਕੋ ਮਨੁੱਖੀ ਭਾਈਚਾਰੇ ਦਾ ਅੰਸ਼ ਹੋਣ ਨਾਤੇ ਵਰਤਾਉ ਕਰਨਾ ਹਰੇਕ ਮਨੁੱਖ ਦਾ ਹੱਕ ਹੈ। ਕੋਈ ਸਾਥੀ ਮਨੁੱਖ 'ਦੂਜਾ' ਨਹੀਂ ਹੁੰਦਾ। ਗੁਰੂ ਜੀ ਦਾ ਬਚਨ ਹੈ :

"ਗੁਰ ਮਿਲ ਤਿਆਗਿਓ ਦੂਜਾ ਭਾਉ।"

(ਭੈਰਉ ਮਹਲਾ ੫, ਪੰਨਾ ੧੧੪੮)

ਅਸਲ ਵਿੱਚ ਦੂਜਾ ਮਨੁੱਖ 'ਦੂਜਾ' ਨਹੀ ਸਗੋਂ ਇਕੋ ਸੋਮੇ ਤੋਂ ਉਪਜਿਆ ਭਾਈਵਾਲ ਹੈ ਅਤੇ ਉਸੇ ਹੀ ਆਤਮਕ ਸਿਲਸਿਲੇ ਦਾ ਭਾਗ ਹੈ। ਮਨੁੱਖਤਾ ਦਾ ਭਰਾਤਰੀ ਭਾਵ ਇਸਤਰ੍ਹਾਂ ਪਰਵਾਰਕ, ਸਮਾਜਕ ਜਾਂ ਕੌਮੀ ਸਾਂਝਾਂ ਨਾਲੋਂ ਵਧੇਰੇ ਡੂੰਘੇ ਸੰਬੰਧਾਂ ਨਾਲ ਜੁੜਿਆ ਹੋਇਆ ਹੈ। ਗੁਰੂ ਜੀ ਨੇ ਇਸ ਮਨੁੱਖ ਜਾਤੀ ਦੇ ਭਰਾਤਰੀ ਭਾਵ ਉਤੇ ਇੱਕ ਪਿਤਾ ਦੇ ਬਾਲਕ ਹੋਣ ਦੇ ਵਿਚਾਰ ਰਾਹੀਂ ਵੀ ਜ਼ੋਰ ਦਿਤਾ ਹੈ :

"ਤੂੰ ਸਾਝਾ ਸਾਹਿਬੁ ਬਾਪੁ ਹਮਾਰਾ। ...
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।"

(ਮਾਝ ਮਹਲਾ ੫, ਪੰਨਾ ੯੭)

ਗੁਰੂ ਜੀ ਸੰਸਾਰਕ ਜੀਵਨ ਦੇ ਸਾਂਝੇ ਸੰਬੰਧਾਂ ਵਲ ਸੰਕੇਤ ਕਰਦੇ ਹਨ :

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।"

(ਜਪੁ ਜੀ, ਸਲੋਕ, ਪੰਨਾ ੮)

ਗੁਰੂ ਜੀ ਅਨੁਸਾਰ, ਭਰਾਤਰੀ ਭਾਵ ਇੱਕ ਸਚਾਈ ਹੈ ਪਰ ਹਉਮੈ ਦੇ ਪੜਦੇ ਹੇਠ ਸਾਥੋਂ ਲੁਕੀ ਹੋਈ ਹੈ। ਹਉਮੈ ਮਨੁੱਖ ਦੇ ਮਨ ਉਤੇ ਜਨਮਾਂ ਜਨਮਾਂਤਰਾਂ ਤੋਂ ਲੱਗੀ ਹੋਈ ਮੈਲ ਹੈ। ਜਦ ਵੀ ਇਹ ਮੈਲ ਦੂਰ ਕੀਤੀ ਜਾਂਦੀ ਹੈ, ਹਉਮੈ ਦਾ ਪੜ੍ਹਦਾ ਢਹਿ ਜਾਂਦਾ ਹੈ, ਸਾਰੀ ਮਨੁਖਤਾ ਵਿਚਲਾ ਸੰਬੰਧ ਨਿਰਮਲ ਸਚਾਈ ਬਣ ਜਾਂਦਾ ਹੇ। ਜਿੰਨਾਂ ਚਿਰ ਸਾਡੇ ਮਨ ਹਉਮੈ ਦੇ ਪੜਦੇ ਹੇਠ ਰਹਿਣਗੇ, ਸਾਡੀ ਸਮਝ ਖੋਖਲੀ ਅਤੇ ਸਚਾਈ ਤੋਂ ਦੂਰ ਰਹੇਗੀ। ਅਸੀ ਮਨ ਨੂੰ ਕਿਵੇਂ ਸਾਫ ਕਰੀਏ ?

ਜਿਵੇਂ ਪਹਿਲਾਂ ਜ਼ਿਕਰ ਕੀਤਾ ਹੈ, ਗੁਰੂ ਜੀ ਮਨ ਨੂੰ ਸਾਫ ਕਰਨ ਦਾ ਰਾਹ ਦਸਦੇ ਹਨ :

"ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ।"

(ਵਡਹੰਸ ਮਹਲਾ ੧, ਪੰਨਾ ੫੫੭)

ਇੱਕ ਵਾਰੀ ਮਨ ਨਿਰਮਲ ਹੋ ਜਾਂਦਾ ਹੈ ਤਦ ਇਹ ਇੱਕ ਅਧਿਆਤਮਕ ਉਚਾਈ ਪ੍ਰਾਪਤ ਕਰ ਲੈਂਦਾ ਹੈ ਜਿਥੇ ਸਚਾਈ ਸਪਸ਼ਟ ਹੋ ਜਾਂਦੀ ਹੈ ਅਤੇ ਸਾਡਾ ਭੁਲੇਖਾ ਦੂਰ ਹੋ ਜਾਂਦਾ ਹੈ ਅਤੇ ਉਸ ਸਮੇਂ ਸਰਵ ਵਿਆਪਕ ਭਰਾਤਰੀ ਭਾਵ ਛਾ ਜਾਂਦਾ ਹੈ :

"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।"

(ਸੋਰਠਿ ਮਹਲਾ ੫, ਪੰਨਾ ੬੧੧)

"ਨ ਹਮ ਹਿੰਦੂ ਨ ਮੁਸਲਮਾਨ।
ਅਲਹ ਰਾਮ ਕੇ ਪਿੰਡ ਪਰਾਨ।"

(ਭੈਰਉ ਮਹਲਾ ੫, ਪੰਨਾ ੧੧੩੬)

"ਏ ਨੇਤ੍ਰਹੁ ਮੇਰਿਹ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ।
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਰਹਿ ਨਿਹਾਲਿਆ।
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ
ਹੈ ਹਰ ਰੂਪੁ ਨਦਰੀ ਆਇਆ।
ਗੁਰਪਰਸਾਦੀ ਬੁਝਿਆ ਜਾ ਵੇਖਾ ਹਰਿ ਇੱਕੁ ਹੈ ਹਰਿ ਬਿਨੁ ਅਵਰੁ ਨ ਕੋਈ।
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ।"

(ਰਾਮਕਲੀ ਮਹਲਾ ੩, ਅਨੰਦ, ਪੰਨਾ ੯੨੨)

ਗੁਰੂ ਦੀ ਕਿਰਪਾ ਨਾਲ ਜੇ ਇੱਕ ਵਾਰ ਸਾਡਾ ਹਿਰਦਾ ਦੈਵੀ ਪ੍ਰਕਾਸ਼ ਨਾਲ ਭਰ ਜਾਂਦਾ ਹੈ ਤਾਂ ਕੋਈ 'ਦੂਜਾ' ਨਹੀਂ, ਕੋਈ ਵੈਰ ਨਹੀਂ, ਕੋਈ ਨਫਰਤ ਨਹੀਂ ਰਹਿੰਦੀ, ਸਗੋਂ ਸਭ ਕੁਝ ਪਰਸੁਆਰਥ ਅਤੇ ਮਨੁਖ ਜਾਤੀ ਦੇ ਭਰਾਤਰੀ ਭਾਵ ਲਈ ਸੇਵਾ ਹੁੰਦਾ ਹੈ। ਇਸ ਅਵਸਥਾ ਦੇ ਅਨੁਭਵ ਲਈ ਭਾਈ ਘਨੱਈਆ ਦੀ ਮਿਸਾਲ ਹੈ। ਜੰਗ ਵਿੱਚ ਭਾਈ ਘਨੱਈਆ ਪਿਆਸਿਆਂ ਨੂੰ ਪਾਣੀ ਪਿਲਾਉਣ ਲਈ ਨਿਯੁਕਤ ਸੀ। ਜਦ ਵੇਖਿਆ ਕਿ ਸਿੱਖਾਂ ਨਾਲ ਹਿੰਦੂਆਂ ਅਤੇ ਮੁਸਲਮਾਨਾ ਨੂੰ ਵੀ ਉਸੇ ਤਰ੍ਹਾਂ ਪਾਣੀ ਪਿਲਾ ਰਿਹਾ ਹੈ ਤਾਂ ਸਿੱਖਾਂ ਨੇ ਗੁਰੂ ਜੀ ਅੱਗੇ ਸ਼ਿਕਾਇਤ ਕੀਤੀ ਕਿ ਭਾਈ ਘਨੱਈਆ ਵੈਰੀ ਫੌਜੀਆਂ ਨੂੰ ਪਾਣੀ ਪਿਲਾ ਰਿਹਾ ਹੈ ਜੋ ਪਾਣੀ ਪੀ ਕੇ ਸੁਚੇਤ ਹੋ ਸਿੱਖਾਂ ਵਿਰੁਧ ਲੜਨ ਲਗ ਜਾਂਦੇ ਹਨ। ਗੁਰੂ ਜੀ ਨੇ ਭਾਈ ਘਨੱਈਆ ਨੂੰ ਬੁਲਵਾ ਕੇ ਪੁਛਿਆ। ਭਾਈ ਘਨੱਈਆ ਨੇ ਉਤਰ ਦਿਤਾ, "ਸੱਚੇ ਪਾਤਸ਼ਾਹ, ਮੈਨੂੰ ਤਾਂ ਦਿਸਦਾ ਨਹੀਂ ਕਿ ਕੌਣ ਮਿਤਰ ਹੈ ਅਤੇ ਕੌਣ ਵੈਰੀ। ਮੈਨੂੰ ਤਾਂ ਸਭ ਵਿੱਚ ਇਕੋ ਆਪਦਾ ਰੂਪ ਹੀ ਦਿਸਦਾ ਹੈ।ਸੋ ਮੈਂ ਸਭ ਨੂੰ ਆਪਦੇ ਸਿੱਖ ਹੀ ਸਮਝ ਕੇ ਪਾਣੀ ਪਿਲਾਈ ਜਾਂਦਾ ਹਾਂ।"

ਗੁਰੂ ਜੀ ਨੇ ਮਨ ਦੀ ਇਹੋ ਅਵਸਥਾ ਧਾਰਨ ਕਰਨ ਦਾ ਹੁਕਮ ਦਿਤਾ ਹੋਇਆ ਹੈ ਜਦ ਕਿ ਮਨ ਧਰਮ, ਰੰਗ, ਨਸਲ ਜਾਂ ਕੌਮ ਦੇ ਪੱਖਪਾਤ ਤੋਂ ਉੱਚਾ ਹੋ ਜਾਂਦਾ ਹੈ, ਅਤੇ ਸੱਚਾ ਸਰਵਵਿਆਪਕ ਭਰਾਤਰੀ ਭਾਵ ਉਪਜਦਾ ਹੈ :

"ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।"

(ਕਾਨੜਾ ਮਹਲਾ ੫, ਪੰਨਾ ੧੨੯੯)

ਸਿੱਖ ਧਰਮ ਇਸ ਵਿੱਚ ਵਿਸ਼ਵਾਸ ਰੱਖਦਾ ਹੈ, ਇਸ ਦੀ ਹਾਮੀ ਭਰਦਾ ਹੈ ਅਤੇ ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਅਮਲੀ ਉਪਾਅ ਕਰਦਾ ਹੈ। ਸਿੱਖ ਇਤਿਹਾਸ ਵਿੱਚ ਇਸ ਤੱਥ ਦੀ ਪੁਸ਼ਟੀ ਕਰਦੀਆਂ ਕਈ ਉਦਾਹਰਣਾਂ ਹਨ।

ਗੁਰੂ ਨਾਨਕ ਦੇਵ ਜੀ ਨੇ ਚੌਦਾਂ ਵਰ੍ਹੇ ਪੈਦਲ ਸਫਰ ਕੀਤਾ ਅਤੇ ਭਾਰਤ ਦੇ ਪੂਰਬ ਵਿੱਚ ਆਸਾਮ ਦੀਆਂ ਪਹਾੜੀਆਂ ਤੋਂਲੈ ਕੇ ਪੱਛਮ ਵਿੱਚ ਈਰਾਨ ਅਤੇ ਇਰਾਕ ਤਕ ਦੂਰ ਦਾ ਇਲਾਕਾ ਅਤੇ ਉਤਰ ਵਿੱਚ ਤਿਬਤ ਤੋਂ ਲੈ ਕੇ ਦੱਖਣ ਵਿੱਚ ਸ੍ਰੀ ਲੰਕਾ ਤਕ ਦਾ ਵਿਸ਼ਾਲ ਇਲਾਕਾ ਤੈਅ ਕੀਤਾ। ਇਸ ਲੰਮੇ ਸਫਰ ਸਮੇਂ ਗੁਰੂ ਜੀ ਹਿੰਦੂਆਂ ਦੇ ਕਈ ਪ੍ਰਧਾਨ ਤੀਰਥਾਂ ਅਤੇ ਵਿਦਿਆ ਕੇਂਦਰਾਂ, ਸਿਧਾਂ ਦੇ ਮੱਠਾਂ ਅਤੇ ਮੁਸਲਮਾਨਾਂ ਦੇ ਮੱਕੇ ਸਮੇਤ ਵੱਖ ਵੱਖ ਕੇਂਦਰਾਂ ਤੇ ਗਏ ਅਤੇ ਦੈਵੀ ਸੰਦੇਸ਼ (ਮਨੁੱਖ ਜਾਤੀ ਦਾ ਭਰਾ ਭਰਾ ਹੋਣਾ ਅਤੇ ਅਕਾਲ ਪੁਰਖ ਸਭ ਦਾ ਪਿਤਾ ਹੋਣਾ), ਜਿਸ ਲਈ ਉਹ ਸੰਸਾਰ ਤੇ ਆਈ ਸੀ, ਦਿਤਾ। ਗੁਰੂ ਜੀ ਨੇ ਕਿਸੇ ਨੂੰ ਵੀ ਨਹੀਂ ਕਿਹਾ ਕਿ ਸਵਰਗ ਵਿੱਚ ਜਾਣ ਲਈ ਮੇਰੇ ਸਿੱਖ ਬਣ ਜਾਉ। ਉਨ੍ਹਾਂ ਨੇ ਸਗੋਂ ਸਭ ਮਨੁੱਖ-ਜਾਤੀ ਨੂੰ ਗਾਰੰਟੀ ਦਿਤੀ ਕਿ ਜੇ ਇੱਕ ਮਨੁੱਖ, ਨਸਲ, ਰੰਗ, ਜਾਤਿ, ਧਰਮ, ਲਿੰਗ, ਮਤ ਜਾਂ ਕੌਮੀਅਤ ਦਾ ਪਰਵਾਹ ਨ ਕਰਕੇ ਅਕਾਲ ਪੁਰਖ, ਇੱਕ ਨਿਰੰਕਾਰ ਦਾ ਸਿਮਰਨ ਕਰੇ ਤਾਂ ਉਸ ਦਾ ਨਿਸਤਾਰਾ ਜ਼ਰੂਰ ਹੋ ਜਾਵੇਗਾ :

"ਜੋ ਜੋ ਜਪੈ ਸੁ ਹੋਇ ਪੁਨੀਤ।

ਭਗਤਿ ਭਾਇ ਲਾਵੈ ਮਨ ਹੀਤ।"

(ਗਉੜੀ ਸੁਖਮਨੀ ਮਹਲਾ ੫, ਪੰਨਾਂ ੨੯੦)

ਸਿੱਖ ਧਰਮ ਸਰਵ ਵਿਆਪੀ ਭਰਪਣਤਾ ਲਫ਼ਜ਼ੀ ਅਤੇ ਵਾਸਤਵਿਕ ਭਾਵ ਵਿੱਚ ਪੂਰੀ ਤਰ੍ਹਾਂ ਪੱਖ ਪਾਲਦਾ ਹੈ। ਹਰੇਕ ਸਿੱਖ ਜੋ ਜਗਤ ਦੇ ਕਿਸੇ ਕੋਨੇ ਵਿੱਚ ਵੀ ਰਹਿ ਰਿਹਾ ਹੋਵੇ, ਜਦ ਸਵੇਰੇ ਅਤੇ ਸੰਧਿਆ ਸਮੇਂ ਅਰਦਾਸ ਕਰਦਾ ਹੈ ਤਾਂ ਅੰਤ ਵਿੱਚ ਇਹੀ ਕਹਿੰਦਾ ਹੈ ਕਿ "ਤੇਰੇ ਭਾਣੇ ਸਰਬਤ ਦਾ ਭਲਾ।"

## ਗੁਰੂ ਸਾਹਿਬਾਨ ਦੀਆਂ ਤਸਵੀਰਾਂ :

ਕੁਝ ਚਿਤਰਕਾਰਾਂ ਨੇ ਸਭ ਗੁਰੂ ਸਾਹਿਬਾਨ ਦੀਆਂ ਖਿਆਲੀ ਤਸਵੀਰਾਂ ਚਿਤਰੀਆਂ ਹਨ। ਇਹਨਾਂ ਚਿਤਰਕਾਰਾਂ ਨੇ ਕਦੇ ਗੁਰੂ ਸਾਹਿਬਾਨ ਨੂੰ ਵੇਖਿਆ ਹੈ ? ਇਹ ਤਸਵੀਰਾਂ ਤਕਰੀਬਨ ਸਾਰੇ ਗੁਰਦੁਆਰਿਆਂ ਅਤੇ ਬਹੁ-ਗਿਣਤੀ ਘਰਾਂ ਵਿੱਚ ਲਟਕਾਈਆਂ ਹੋਈਆਂ ਦਿਸਦੀਆਂ ਹਨ। ਮੰਦੇ ਭਾਗਾਂ ਨੂੰ, ਬਹੁਤ ਸਾਰੇ ਸਿੱਖ ਇਹਨਾਂ ਤਸਵੀਰਾਂ ਉਤੇ ਫੁੱਲਾਂ ਦੇ ਹਾਰ ਚੜ੍ਹਾਉਂਦੇ ਅਤੇ ਇਹਨਾਂ ਅੱਗੇ ਧੂਪ ਧੁਖਾਉਂਦੇ ਹਨ। ਕੀਹ ਇਹ ਮੂਰਤੀ (ਤਸਵੀਰ) ਪੂਜਾ ਨਹੀਂ ? ਇਸ ਨੂੰ ਅਸੀਂ ਗੁਰਮਤ ਕਿਵੇਂ ਕਹਿ ਸਕਦੇ ਹਾਂ ? ਔਰੰਗਜ਼ੇਬ ਨੂੰ ਲਿਖੇ ਪੱਤਰ, ਜ਼ਫ਼ਰਨਾਮਾ, ਵਿੱਚ ਗੁਰੂ ਗੋਬਿੰਦ ਸਿਘ ਜੀ ਨੇ ਪਹਾੜੀ ਰਾਜਿਆਂ ਸਬੰਧੀ ਜ਼ਿਕਰ ਕੀਤਾ ਹੈ ਕਿ "ਇਹ ਮੂਰਤੀਆਂ ਪੂਜਦੇ ਸਨ ਅਤੇ ਮੈਂ ਮੂਰਤੀਆਂ ਤੋੜਣ ਵਾਲਾ (ਇਸਲਾਮ ਵਿੱਚ ਬੁਤ-ਸ਼ਿਕਨ ਵਾਂਗ) ਸੀ।" ਜਦ ਗੁਰੂ ਜੀ ਮੂਰਤੀਆਂ ਤੋੜਨ ਵਾਲੇ ਸਨ, ਉਨ੍ਹਾਂ ਦੇ ਨਾਮ ਦੇ ਸਿੱਖ ਹੁਣ ਮੂਰਤੀਆਂ (ਤਸਵੀਰਾਂ) ਪੂਜਣ ਵਾਲੇ ਕਿਵੇਂ ਬਣ ਗਏ ਹਨ?

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਜ਼ੋਰ ਕੇਵਲ ਇੱਕ ਅਕਾਲ ਪੁਰਖ, ਨਿਰਾਕਾਰ, ਦੀ ਪੂਜਾ ਲਈ ਦਿਤਾ ਗਿਆ ਅਤੇ ਉਹਨਾਂ ਨੇ ਮੂਰਤੀਆਂ, ਮਸਾਣਾਂ, ਸਮਾਧੀਆਂ, ਕਬਰਾਂ ਆਦਿ ਦੀ ਪੂਜਾ ਕਰਨ ਤੋਂ ਸਖਤ ਮਨਾਹ ਕੀਤਾ ਸੀ। ਇਹ ਤਸਵੀਰਾਂ ਨੂੰ ਪੂਜਣ ਵਾਲੇ ਆਪਣੇ ਪੱਖ ਦੀ ਪੁਸ਼ਟੀ ਲਈ ਗੁਰਬਾਣੀ ਦੀਆਂ ਇਹਨਾਂ ਤੁਕਾਂ ਵੱਲ ਸੰਕੇਤ ਕਰਦੇ ਹਨ :

"ਗੁਰ ਕੀ ਮੂਰਤਿ ਮਨ ਮਹਿ ਧਿਆਨੁ।"

(ਗੋਂਡ ਮਹਲਾ ੫, ਪੰਨਾਂ ੮੬੪)

"ਸਤਿਗੁਰ ਕੀ ਮੂਰਤਿ ਹਿਰਦੈ ਵਸਾਏ।"

(ਧਨਾਸਰੀ ਮਹਲਾ ੧, ਪੰਨਾ ੬੬੧)

ਗੁਰੂ ਕੀ ਹੈ ਅਤੇ ਗੁਰੂ ਦੀ ਮੂਰਤਿ (ਤਸਵੀਰ) ਕੀ ਹੈ ?

ਜਿਵੇਂ ਇਸ ਪੁਸਤਕ ਵਿੱਚ ਪਹਿਲਾਂ ਵਰਨਣ ਕਰ ਚੁੱਕੇ ਹਾਂ, ਗੁਰਬਾਣੀ ਅਨੁਸਾਰ ਗੁਰੂ ਸਰੀਰ (ਦੇਹ) ਨਹੀਂ, ਗੁਰੂ ਜੋਤਿ (ਦੈਵੀ ਪ੍ਰਕਾਸ਼ ਹੈਅਤੇ ਗੁਰੂ ਦੀ ਮੂਰਤਿ (ਤਸਵੀਰ) ਦੈਵੀ ਸ਼ਬਦ (ਗੁਰਬਾਣੀ) ਹੈ :

"ਜੋਤਿ ਰੂਪ ਹਰਿ ਆਪਿ ਗੁਰੂ ਨਾਨਕੁ ਕਹਾਯਉ।"

(ਭੱਟਾਂ ਦੇ ਸਵੱਯੇ, ਪੰਨਾ ੧੪੦੮)

ਗੁਰਮਤ ਸਮਝਾਉਂਦੀ ਹੈ ਕਿ ਸੱਚਾ ਗੁਰੂ ਮਨੁੱਖੀ ਸਰੀਰ ਨਹੀਂ, ਅਤੇ ਇਸਲਈ ਸਰੀਰ (ਦੇਹ) ਕਿਸੇ ਤਰ੍ਹਾਂ ਦੀ ਪੂਜਾਕਰਨ ਦੇ ਯੋਗ ਨਹੀਂ ਸਮਝਿਆ ਜਾਂਦਾ :

"ਸਤਗੁਰੁ ਨਿਰੰਜਨੁ ਸੋਇ।
ਮਾਨੁਖ ਕਾ ਕਰਿ ਰੂਪੁ ਨ ਜਾਨੁ।"

(ਰਾਮਕਲੀ ਮਹਲਾ ੫, ਪੰਨਾ ੮੯੫)

ਇਸਲਈ "ਗੁਰ ਕੀ ਮੂਰਤਿ ਮਨ ਮਹਿ ਧਿਆਨ" ਦਾ ਅਰਥ ਸਾਫ ਤੌਰ ਤੇ ਗੁਰੂ ਦੀ ਤਸਵੀਰ ਦੀ ਪੂਜਾ ਕਰਨਾ ਨਹੀਂ ਸਗੋਂ ਸ਼ਬਦ ਦੇ ਭਾਵ ਵਿੱਚ ਧਿਆਨ ਕਰਨਾ ਹੈ। ਗੁਰਬਾਣੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਗੁਰੂ ਦੇ ਮਨੁੱਖੀ ਸਰੀਰ ਦੇ ਦਰਸ਼ਨ ਕਰਕੇ ਨਿਸਤਾਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ :

"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ।
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ।"

(ਸਲੋਕ ਮਹਲਾ ੩, ਪੰਨਾ ੫੯੪)

ਜੇ ਗੁਰੂ ਜੀ ਦੇ ਸਰੀਰ ਦੇ ਦਰਸ਼ਨ ਕਰਕੇ ਮਨੁੱਖ ਦਾ ਨਿਸਤਾਰਾ ਹੋ ਸਕਦਾ ਹੈ ਤਾਂ ਮਹਿਤਾ ਕਾਲੂ ਜੀ ਆਪਣੇ ਸਪੁੱਤਰ, ਗੁਰੂ ਨਾਨਕ ਜੀ, ਨੂੰ ਚਪੇੜਾਂ ਨਾ ਮਾਰਦੇ। ਮਹਿਤਾ ਜੀ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਹੋਹੇ ਸਨ, ਸੋ ਉਨ੍ਹਾਂ ਦਾ ਨਿਸਤਾਰਾ ਹੋ ਜਾਣਾ (ਮੁਕਤੀ ਪ੍ਰਾਪਤ) ਚਾਹੀਦਾ ਸੀ। ਸਗੋਂ ਇਤਿਹਾਸ ਵਿੱਚ ਤਾਂ ਲਿਖਿਆ ਹੈ ਕਿ ਮਹਿਤਾ ਕਾਲੂ ਜੀ ਆਪਣੇ ਸਪੁੱਤਰ ਵਿੱਚ ਦੈਵੀ ਪ੍ਰਕਾਸ਼ ਨਹੀਂ ਵੇਖ ਸਕੇ ਅਤੇ ਉਸ ਨੂੰ ਮਾਰਦੇ ਰਹੇ। ਜੇ ਗੁਰੂ

ਜੀ ਦੇ ਸਰੀਰ ਦੇ ਦਰਸ਼ਨ ਕਰਨ ਨਾਲ ਮੁਕਤੀ ਪ੍ਰਾਪਤ ਹੋ ਜਾਂਦੀ ਤਾਂ ਗੁਰੂ ਜੀ ਦੇ ਦੋਨੋਂ ਸਪੁੱਤਰ, ਸ੍ਰੀ ਚੰਦ ਅਤੇ ਲਖਮੀ ਦਾਸ, ਆਪਣੇ ਪਿਤਾ ਗੁਰੂ ਜੀ, ਦੇ ਹੁਕਮ ਮੰਨਣ ਤੋਂ ਨਾਹ ਨ ਕਰਦੇ। ਜੱਲਾਦ, ਜੋ ਗੁਰੂ ਅਰਜਨ ਦੇਵ ਜੀ ਦੇ ਨੰਗੇ ਸਰੀਰ ਉਤੇ ਗਰਮ ਰੇਤਾ ਪਾ ਰਿਹਾ ਸੀ, ਇਹ ਨਾ ਕਰਦਾ ਕਿਉਂਕਿ ਉਸ ਨੂੰ ਗੁਰੂ ਜੀ ਦੇ ਦਰਸ਼ਨ ਕਰਕੇ ਮੁਕਤੀ ਪ੍ਰਾਪਤ ਕਰ ਲੈਣੀ ਚਾਹੀਦੀ ਸੀ। ਜੱਲਾਦ ਗੁਰੂ ਤੇਗ ਬਹਾਦਰ ਜੀ ਦਾ ਸੀਸ ਨ ਕੱਟਦਾ ਕਿਉਂਕਿ ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ।

ਇਸਲਈ, ਜਦ ਗੁਰੂ-ਜੋਤਿ ਮਨੁੱਖੀ ਸਰੀਰ ਵਿੱਚ ਸਮਾਈ ਹੋਵੇ ਤਦ ਵੀ ਗੁਰੂ ਜੀ ਦੀ ਦੇਹ ਦਾ ਕੇਵਲ ਦਰਸ਼ਨ ਕਰ ਲੈਣਾ ਕਿਸੇ ਨੂੰ ਵੀ ਮੁਕਤੀ ਪ੍ਰਦਾਨ ਨਹੀਂ ਕਰ ਸਕਦਾ, ਤਾਂ ਇਹ ਖਿਆਲੀ (ਝੂਠੀਆਂ) ਤਸਵੀਰਾਂ ਸਾਡਾ ਨਿਸਤਾਰਾ ਕਿਵੇਂ ਕਰਾ ਸਕਦੀਆਂ ਹਨ ? ਇਹ ਸਾਨੂੰ ਗੁਰਮਤ ਦੇ ਸੱਚੇ ਰਾਹ ਤੋਂ ਕੇਵਲ ਡੰਗ ਹੀ ਸਕਦੀਆਂ ਹਨ।

ਗੁਰੂ ਗੋਬਿੰਦ ਸਿੰਘ ਜੀ 'ਤਵ ਪ੍ਰਸਾਦਿ ਸਵੱਯਾਂ' ਵਿੱਚ ਵਰਨਣ ਕਰਦੇ ਹਨ ਕਿ ਜੋ ਬੁਤਾਂ (ਮੂਰਤੀਆਂ) ਦੀ ਪੂਜਾ ਕਰਦੇ ਹਨ ਉਹ ਪਸ਼ੂ ਨਿਆਈਂ ਹਨ :

"ਕਾਹੂੰ ਲੈ ਪਾਹਨ ਪੂਜਾ ਧਰਯੋ ਸਿਰ ਕਾਹੁੰ ਮੈ ਲਿੰਗ ਗਰੇ ਲਟਕਾਯੋ।
ਕਾਹੂ ਲਖਿਯੋ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ।
ਕੂਰ ਕ੍ਰਿਆ ਉਰਝਯੋ ਸਭ ਹੀਜਗ ਸ੍ਰੀ ਭਗਵਾਨ ਕੋ ਭੇਦ ਨ ਪਾਇਓ।"

(ਗੁਰੂ ਗੋਬਿੰਦ ਸਿੰਘ ਜੀ, ਅੰਮ੍ਰਿਤ ਦੇ ਸਵੱਯੇ)

ਕੁਝ ਸਿੱਖ ਗੁਰੂ ਜੀ ਦੀ ਤਸਵੀਰ ਵਾਲੀਆਂ ਜੰਜੀਰੀਆਂ ਵੀ ਗਲਾਂ ਵਿੱਚ ਪਾਈ ਫਿਰਦੇ ਹਨ। ਕੀਹ ਇਹ ਗੁਰਮਤਿ ਹੈ ? ਇਹ ਬਿਲਕੁਲ ਮਨਮਤ ਹੈ। ਖਾਲਸਾ ਜੀ ਜਾਗੋ ਅਤੇ ਵਿਚਾਰ ਕਰੋ। ਗੁਰੂ ਮੂਰਤੀ (ਬੁਤ) ਨਹੀਂ। ਗੁਰੂ ਤਸਵੀਰ ਨਹੀਂ। ਗੁਰੂ ਦੇਹ ਨਹੀਂ। ਜੋਤੀ ਜੋਤਿ ਸਮਾਉਣ ਪਿਛੋਂ ਗੁਰੂ ਨਾਨਕ ਜੀ ਦਾ ਸਰੀਰ ਕਿਸੇ ਨੂੰ ਨਹੀਂ ਲਭ ਸਕਿਆ। ਸੋ ਗੁਰੂ 'ਜੋਤਿ' ਹੈ। ਗੁਰੂ ਦੈਵੀ ਪ੍ਰਕਾਸ਼ ਹੈ। ਗੁਰੂ ਸਰਬਵਿਆਪੀ ਦੈਵੀ ਆਤਮਾ ਹੈ। ਗੁਰੂ ਗੁਰਬਾਣੀ ਹੈ, ਗੁਰੂ ਸਾਹਿਬਾਨ ਦੀਆਂ ਝੂਠੀਆਂ ਅਤੇ ਖਿਆਲੀ ਤਸਵੀਰਾਂ ਨੂੰ ਫੁਲਾਂ ਆਦਿ ਦੇ ਸਿਹਰੇ ਪਾਉਣੇ ਗੁਰਮਤ ਦੇ ਬਿਲਕੁਲ (ਪੂਰਨ ਤੌਰ ਤੇ) ਵਿਰੁਧ ਹਨ। ਅਸੀਂ ਗੁਰੂ ਜੀ ਦੇ ਉਪਦੇਸ਼ ਦੇਹੀ ਵਿਰੁਧ ਚਲ ਕੇ ਗੁਰੂ ਜੀ ਦੀ ਬਖਸ਼ਿਸ਼ ਕਿਵੇਂ ਲੈ ਸਕਦੇ ਹਾਂ ?

ਨਿਰਾਕਾਰ ਪੂਰਨ ਪਾਰਬ੍ਰਹਮ ਇੱਕ ਮੂਰਤੀ ਦੇ ਰੂਪ ਵਿੱਚ ਥਾਪਿਆ ਨਹੀਂ ਜਾ ਸਕਦਾ। ਉਸ ਦਾ ਕੋਈ ਰੂਪ ਨਹੀਂ? ਸੋ ਚਿੰਨ੍ਹਾਂ ਰਾਹੀਂ ਦਰਸਾਇਆ ਜਾ ਸਕਦਾ ਹੈ। ਇਜੇਹੇ ਕੰਮ ਆਪਣੇ ਆਪ ਵਿੱਚ ਗੁਰੂ ਜੀ ਦੀ ਸੰਮਤੀ ਨਹੀਂ ਜਿਤ ਸਕਦੇ। ਗੁਰੂ ਜੀ ਦੇ ਆਦੇਸ਼ਾਂ ਨੂੰ ਪੂਰਨ ਤੌਰ ਤੇ ਜੀਵਨ ਦਾ ਆਧਾਰ ਬਣਾਏ ਬਿਨਾਂ ਸਿੱਖ ਧਰਮ ਮੂੜ੍ਹ ਸਿਧਾਂਤਾਂ, ਨਿਰਾਰਥ ਰੀਤਾਂ ਅਤੇ ਰਿਵਾਜੀ ਕਰਮ ਕਾਂਡ ਦੇ ਢੇਰ ਹੇਠ ਡੂੰਘਾ ਦਬ ਜਾਵੇਗਾ।

**ਸਿੱਖ ਧਰਮ ਇੱਕ ਕਟੜਪੁਣਾ ਨਹੀਂ ਸਗੋਂ ਗੁਰੂ-ਰਹਿਤ-ਮਰਿਆਦਾ ਅਨੁਸਾਰ ਜੀਵਨ ਜੀਊਣ ਦਾ ਇੱਕ ਢੰਗ ਹੈ। ਇੱਕ ਸਿੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਗੁਰੂ ਦੇ ਸ਼ਬਦ ਨੂੰ ਸਰਵੋਤਮ ਥਾਂ ਦਿੰਦਾ ਹੈ। ਆਪਣੇ ਜੀਵਨ ਵਿੱਚ ਅਕਾਲ ਪੁਰਖ ਦਾ ਜੱਸ ਗਾਉਣ ਅਤੇ ਉਸ ਨੂੰ ਜੀਅ ਵਿੱਚ ਵਸਾਉਣ ਤੋਂ ਬਿਨਾਂ ਇਹ ਜੀਵਨ ਭ੍ਰਿਸ਼ਟਕੇ ਪਲੀਤ ਹੋ ਜਾਵੇਗਾ ਅਤੇ ਇਸ ਦੀ ਹਾਲਤ ਦੁਖਦਾਇਕ ਹੋ ਜਾਵੇਗੀ, ਜਿਸ ਤੋਂ ਆਤਮਕ ਗਿਰਾਵਟ ਉਪਜੇਗੀ। ਸਿੱਖ ਆਚਰਣ ਦੀ ਉਚ ਅਵਸਥਾ ਲਈ ਨਾਮ ਉਤੇ ਡੂੰਘਾ ਅਤੇ ਨਿਰੰਤਰ ਧਿਆਨ ਲਾਉਣਾ ਲੋੜੀਂਦਾ ਅਤੇ ਜ਼ਰੂਰੀ ਹੈ। ਨਾਮ ਨ ਇੱਕ ਫਲਸਫਾ ਹੈ ਅਤੇ ਨਾ ਹੀ ਪੁਸਤਕਾਂ ਵਿਚੋਂ ਲੈਣ ਵਾਲਾ ਗਿਆਨ ਹੈ। ਇਹ ਆਪਣੇ ਅੰਦਰ ਹੈ ਅਤੇ ਅੰਦਰੋਂ ਹੀ ਪ੍ਰਾਪਤ ਹੁੰਦਾ ਹੈ, ਸਚੇ ਗੁਰੂ ਦੀ ਬਾਣੀ (ਗੁਰਬਾਣੀ) ਦੀ ਬਖਸ਼ਿਸ਼ ਰਾਹੀਂ। ਆਉ ਇਸ ਸ਼ਬਦ ਨੂੰ ਆਪਣੀ ਰੋਜ਼ ਦੀ ਜਾਚਨਾ ਬਣਾਈਏ :**

"ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ।
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ।"

(ਰਾਗ ਗੂਜਰੀ ਮਹਲਾ ੪, ਪੰਨਾ ੧੦)

# ਪੁਸਤਕ ਸੂਚੀ


**ਪੰਜਾਬੀ :**

੧ ਗੁਰੂ ਗ੍ਰੰਥ ਸਾਹਿਬ
੨. ਭਾਈ ਗੁਰਦਾਸ—ਵਾਰਾਂ,
੩. ਭਾਈ ਵੀਰ ਸਿੰਘ—ਸੰਥਿਆ ਗੁਰੂ ਗ੍ਰੰਥ ਸਾਹਿਬ,
੪. ਡਾ. ਕਰਤਾਰ ਸਿੰਘ—ਸਿੱਖ ਸਿਧਾਂਤ,
੫. ਪ੍ਰੋ. ਸਾਹਿਬ ਸਿੰਘ—ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ

**ENGLISH :**

6. Archer, John Clark - The Sikhs
7. Avtar Singh - Ethics of the Sikhs
8. Gandhi, Surjeet Singh - History of the Sikh Gurus
9. Harbans Singh - Perspectives on Guru Nanak
10. Kohli S.S. - Outline of Sikh Thought
11. Macauliffe, M.A. - The Sikh Religion Vol. 1-6
12. Ranbir Singh - Glimpses of the Divine Masters
13. Ranbir Singh - The Sikh Way of Life
14. Sikhism - Fauja Singh, Trilochan Singh, Gurbachan Singh Talib, J.P. Singh Oberoi, Sohan Singh


੧. ਸਿਧ ਗੋਸ਼ਿਟ,ਪੰਨਾ ੯੩੮
੨. ਆਰ.ਸੀ. ਮਾਜੂਮਦਾਰ-ਬ੍ਰਿਟਿਸ਼ ਪੈਰਾਮਾਉਂਟਸੀ ਐਂਡ ਇਨਡੀਅਨ ਰੈਨੇਸੈਂਸ-ਪੰਨਾ ੮੨੩।